


Photo courtesy of the Province of British Columbia

ਸ. ਗਿਆਨ ਸਿੰਘ ਸੰਧੂ ਉੱਘੇ ਉਦਯੋਗਪਤੀ ਅਤੇ ਸਮਾਜ ਸੇਵੀ ਹਨ ਜੋ ਭਾਰਤ ਵਿੱਚ ਜਨਮੇ ਅਤੇ ਆਪ 1970 ਵਿੱਚ ਕੈਨੇਡਾ ਪਹੁੰਚੇ। ਇਨ੍ਹਾਂ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਵਿਲੀਅਮਜ਼ ਲੇਕ, ਬ੍ਰਿਟਿਸ਼ ਕੋਲੰਬੀਆ ਦੇ ਆਰਾ ਮਿਲਾਂ ਦੇ ਭਾਈਚਾਰੇ ਵਿਚ ਕਾਰਜ ਤੇ ਸੇਵਾ ਕਰਦਿਆਂ ਗੁਜ਼ਾਰਿਆ। ਸ. ਸੰਧੂ 'ਵਰਲਡ ਸਿੱਖ ਆਰਗਨਾਈਜੇਸ਼ਨ' (ਮਨੁੱਖੀ ਅਧਿਕਾਰਾਂ ਦਾ ਇੱਕ ਪ੍ਰਮੁੱਖ ਵਕਾਲਤ ਸੰਗਠਨ) ਦੇ ਬਾਨੀ ਪ੍ਰਧਾਨ ਰਹੇ ਅਤੇ ਮੌਜੂਦਾ ਸਮੇਂ ਇਸ ਸੰਗਠਨ ਦੇ ਸੀਨੀਅਰ ਨੀਤੀ ਸਲਾਹਕਾਰ ਵਜੋਂ ਕਾਰਜਸ਼ੀਲ ਹਨ। ਉਹ ਪਿਛਲੇ ਕਈ ਦਹਾਕਿਆਂ ਤੋਂ ਕੈਨੇਡੀਅਨ ਸਿੱਖ ਭਾਈਚਾਰੇ ਦੁਆਰਾ ਵੱਡੀਆਂ ਰਾਜਨੀਤਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਅਹਿਮ ਅਤੇ ਮੋਹਰੀ ਭੂਮਿਕਾ ਨਿਭਾ ਰਹੇ ਹਨ। ਸ. ਗਿਆਨ ਸਿੰਘ ਸੰਧੂ ਦੀ ਦੂਰਅੰਦੇਸ਼ੀ ਲੀਡਰਸ਼ਪਿ ਕਰਕੇ 1994 ਵਿੱਚ ਰਿਜਨਲ ਐਂਟਰਪ੍ਰੇਨੋਰਸ (Regional Entrepreneurs) ਅਤੇ ਉਸੇ ਸਾਲ ਐਂਟਰਪ੍ਰੇਨੋਰ ਆਫ ਦ ਯੀਅਰ (Entrepreneur of the Year) ਦੇ ਰਾਸ਼ਟਰੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ। ਆਪ ਨੂੰ ਕਮਿਊਨਿਟੀ ਸੇਵਾ ਲਈ 'ਦ ਕੁਇਨ ਗੋਲਡਨ ਜੁਬਲੀ ਮੈਡਲ' (The Queen's Golden jubilee medal) ਅਤੇ 'ਆਰਡਰ ਆਫ ਬ੍ਰਿਟਿਸ਼ ਕੋਲੰਬੀਆ' (Order of British Columbia) ਦਾ ਸਨਮਾਨ ਪ੍ਰਾਪਤ ਹੋਇਆ। ਸ. ਸੰਧੂ ਬ੍ਰਿਟਿਸ਼ ਕੋਲੰਬੀਆ ਦੇ ਇੱਕ ਮੇਜਰ ਫੋਰਸਟ੍ਰੀ ਕੰਪਨੀ (Major Forestry Company) ਦੇ ਸਾਬਕਾ ਸੀਈਓ (CEO), ਪ੍ਰਧਾਨ ਵੀ ਰਹੇ ਅਤੇ ਮੌਜੂਦਾ ਸਮੇਂ ਮੈਨੇਜਮੈਂਟ ਕੰਸਲਟੈਂਟ ਵਜੋਂ ਕੰਮ ਕਰ ਰਹੇ ਹਨ। ਆਪ ਅੱਜ ਕੱਲ੍ਹ ਆਪਣੀ ਧਰਮ ਸੁਪਤਨੀ ਸਰਦਾਰਨੀ ਸੁਰਿੰਦਰ ਕੌਰ ਨਾਲ ਸਰੀ, ਬ੍ਰਿਟਿਸ਼ ਕੋਲੰਬੀਆ ਵਿਖੇ ਰਹਿ ਰਹੇ ਹਨ। ਆਪ ਦੀ ਅੰਗਰੇਜ਼ੀ ਭਾਸ਼ਾ ਵਿੱਚ ਪੁਸਤਕ 'An Uncommon Road' 2018 ਵਿੱਚ ਪ੍ਰਕਾਸ਼ਿਤ ਹੋਈ ਅਤੇ ਹੁਣ ਪੰਜਾਬੀ ਸੰਸਕਰਨ ਪਾਠਕਾਂ ਦੇ ਸਨਮੁੱਖ ਹੈ।

ਇਸ ਕਿਤਾਬ ਵਿੱਚ ਅਸੀਂ ਸਿਰਫ ਇੱਕ ਆਦਮੀ ਨੂੰ ਨਹੀਂ, ਬਲਕਿ ਵਿਸ਼ਾਲ ਭਾਈਚਾਰੇ ਨੂੰ ਵੇਖਦੇ ਹਾਂ ਜਿਸ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਯੋਗਦਾਨ ਪਾਇਆ ਹੈ। 'ਅਣਗਾਹੇ ਰਾਹ' ਕੈਨੇਡੀਅਨ ਸਿੱਖਾਂ ਦੇ ਪੱਕੇ ਪੈਰੀਂ ਹੋਣ ਅਤੇ ਖੁੰਝੇ ਹੋਏ ਮੌਕਿਆਂ ਸੰਬੰਧੀ ਤੱਥਾਂ ਅਤੇ ਪ੍ਰਮਾਣਾਂ ਦਾ ਪਹਿਲਾ ਭਰੋਸੇਯੋਗ ਸੰਗ੍ਰਹਿ ਹੈ।

**ਡੇਵਿਡ ਕਿਲਗੌਰ**, *ਪੀ ਸੀ ਮਨੁੱਖੀ ਅਧਿਕਾਰਾਂ ਦੇ ਕਾਰਜ ਕਰਤਾ,*
*ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਅਤੇ ਕੈਬਨਿਟ ਮੰਤਰੀ*

ਗਿਆਨ ਸਿੰਘ ਸੰਧੂ ਕੈਨੇਡਾ ਦੇ ਸਿੱਖਾਂ ਦੀ ਵਿਸ਼ਾਲ ਗਾਥਾ ਨੂੰ ਆਪਣੇ ਜੀਵਨ ਪ੍ਰਸੰਗ ਦੇ ਦੁਆਲੇ ਬੜੇ ਕਲਾਤਮਕ ਤੇ ਭਾਵਪੂਰਕ ਤਰੀਕੇ ਨਾਲ ਬੁਣਦਿਆਂ ਸਾਨੂੰ ਇੱਕ ਮਹਾਂ ਯਾਤਰਾ 'ਤੇ ਲੈ ਜਾਂਦੇ ਹਨ। ਇਹ ਅਣਗਾਹੇ ਰਾਹ ਸੰਖਿਪਤ ਵਿੱਚ ਇਨ੍ਹਾਂ ਦੇ ਸਮੁੱਚੇ ਜੀਵਨ ਦੀ ਤਰਜਮਾਨੀ ਕਰ ਰਹੇ ਹਨ। ਇਹ ਇੱਕ ਦਿਲਕਸ਼ ਪਾਠ ਹੈ।

**ਕਿਰਨਜੋਤ ਕੌਰ**, *ਵਿਦਵਾਨ ਅਤੇ ਸਾਬਕਾ ਜਨਰਲ ਸਕੱਤਰ,*
*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਕ ਕਮੇਟੀ*

ਅਣਗਾਹੇ ਰਾਹ (An uncommon road) ਕਮਿਊਨਿਟੀ ਦੀਆਂ ਕੂਟਨੀਤਿਕ, ਰਾਜਨੀਤਿਕ ਅਤੇ ਵਕਾਲਤ ਦੀਆਂ ਕੋਸ਼ਿਸ਼ਾਂ ਦਾ ਇੱਕ ਕਲਾਸਿਕ ਉਪਚਾਰ ਹੈ। ਸਵੈ ਕਥਨ ਵਿੱਚ ਲਿਖਿਆ ਗਿਆ, ਇਹ ਨਾ ਤਾਂ ਪੈਰੋਕੀਅਲ (parochial) ਗੈਰ ਸਵੈ-ਕੇਂਦ੍ਰਿਤ ਹੈ ਬਲਕਿ ਕੈਨੇਡੀਅਨ ਸਿੱਖ ਭਾਈਚਾਰੇ ਦੇ ਵਿਸ਼ਾਲ ਮਾਨਵਵਾਦੀ ਅਤੇ ਧਰਮ ਨਿਰਪੱਖ ਦ੍ਰਿਸ਼ਟੀਕੋਣ ਪ੍ਰਤੀ ਚਲਦੀਆਂ ਹਰਕਤਾਂ ਦਾ ਇੱਕ ਬਹੁਤ ਹੀ ਚੰਗੀ ਤਰ੍ਹਾਂ ਲਿਖਿਆ ਹੋਇਆ ਲੇਖਾ ਹੈ।

**ਜਗਮੋਹਨ ਸਿੰਘ**, *ਸੰਪਾਦਕ ਵਰਲਡ ਸਿੱਖ ਨਿਊਜ਼*

ਅਣਗਾਹੇ ਰਾਹ (An uncommon road) ਗੈਰ-ਕਾਲਪਨਿਕ ਕਾਰਜ ਹੈ, ਅਜਿਹਾ ਰਾਹ ਜੋ ਨਾਵਲ ਵਾਂਗ ਇੱਕ ਵਿਲੱਖਣ ਪਰਿਪੇਖ ਨੂੰ ਪੇਸ਼ ਕਰਦਾ ਹੈ। ਇਹ ਆਮ ਪਾਠਕਾਂ ਅਤੇ ਵਿਦਵਾਨਾਂ ਦੇ ਲਈ ਇੱਕ ਮਹੱਤਵਪੂਰਣ ਸਰੋਤ ਹੈ। ਮੈਂ ਉਮੀਦ ਕਰਦਾ ਹਾਂ ਕਿ ਇਸ ਨੂੰ ਯੂਨੀਵਰਸਿਟੀ ਦੇ ਕਿਸੇ ਵੀ ਕੋਰਸ ਵਿੱਚ ਸ਼ਾਮਲ ਕੀਤਾ ਜਾਏਗਾ। ਇਸ ਤੋਂ ਇਲਾਵਾ ਇਹ ਇੱਕ ਦਿਲਚਸਪ ਪਾਠ/ਰਚਨਾ ਹੈ।

**ਕੋਰੀ ਡੀ ਸਟਾਇਨਬਰਗ**, *ਵਕੀਲ ਅਤੇ ਲੇਖਕ*

Forever Learning
ISBN 978-93-5205-016-1
9789352050161
www. unistarbooks.com ₹ 695/-

ਅਣਗਾਹੇ ਰਾਹ
ਕੈਨੇਡਾ ਦੇ ਸਿੱਖਾਂ ਦਾ ਹਾਸ਼ੀਏ ਤੋਂ ਮੁੱਖ ਧਾਰਾ 'ਚ ਪ੍ਰਵੇਸ਼ ਹੋਣ ਦਾ ਸੰਘਰਸ਼
ਗਿਆਨ ਸਿੰਘ ਸੰਧੂ

# ਅਣਗਾਹੇ ਰਾਹ

## ਕੈਨੇਡਾ ਦੇ ਸਿੱਖਾਂ ਦਾ ਹਾਸ਼ੀਏ ਤੋਂ ਮੁੱਖ ਧਾਰਾ 'ਚ ਪ੍ਰਵੇਸ਼ ਹੋਣ ਦਾ ਸੰਘਰਸ਼



ਗਿਆਨ ਸਿੰਘ ਸੰਧੂ

1980 ਦੇ ਅੱਧ ਵਿੱਚ ਕੈਨੇਡਾ ਦੇ ਸਿੱਖ ਵੱਡੇ ਪੱਧਰ 'ਤੇ ਕੀਤੇ ਜਾ ਰਹੇ ਅੱਤਿਆਚਾਰਾਂ ਦੁਆਰਾ ਪਰਿਭਾਸ਼ਤ ਕੀਤੇ ਗਏ। ਭਾਰਤ ਵਿੱਚ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ 3000 ਦੇ ਲਗਭਗ ਸਿੱਖਾਂ ਨੂੰ ਸ਼ਹੀਦ ਕੀਤਾ। ਕੁਝ ਮਹੀਨਿਆਂ ਬਾਅਦ, ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਦੀਆਂ ਗਲੀਆਂ ਵਿੱਚ ਵੀ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ। ਉਸ ਤੋਂ ਇੱਕ ਸਾਲ ਬਾਅਦ, ਏਅਰ ਇੰਡੀਆ ਦੀ ਉਡਾਣ 182 'ਤੇ ਬੰਬ ਧਮਾਕੇ ਨਾਲ 329 ਲੋਕਾਂ ਦੀ ਮੌਤ ਹੋ ਗਈ, ਜਿਸ ਵਿੱਚ ਜ਼ਿਆਦਾਤਰ ਕੈਨੇਡੀਅਨ ਲੋਕ ਸਨ, ਇਹ ਕੈਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਜਾਨੀ ਨੁਕਸਾਨ ਵਜੋਂ ਜਾਣਿਆ ਗਿਆ ਹੈ। ਇਨ੍ਹਾਂ ਦੁਖਾਂਤਾਂ ਦੇ ਨਤੀਜੇ ਵਜੋਂ ਸਿੱਖਾਂ ਨੂੰ ਇੱਕ ਹਿੰਸਕ ਅਤੇ ਅਸਥਿਰ ਘੱਟਗਿਣਤੀ ਵਜੋਂ ਬਦਨਾਮ ਕੀਤਾ ਗਿਆ, ਜਿਨ੍ਹਾਂ ਨੂੰ ਸਰਕਾਰੀ ਸੰਸਥਾਵਾਂ ਅਤੇ ਆਮ ਜਨਤਾ ਵਲੋਂ ਅਲੱਗ ਥਲੱਗ ਕਰ ਦਿੱਤਾ ਗਿਆ।

*ਅਣਗਾਹੇ ਰਾਹ* ਵਿੱਚ, ਗਿਆਨ ਸਿੰਘ ਸੰਧੂ ਨੇ 1897 ਵਿੱਚ ਸਿੱਖ ਭਾਈਚਾਰੇ ਦਾ ਕੈਨੇਡਾ ਵਿੱਚ ਪ੍ਰਵੇਸ਼, ਪ੍ਰਵਾਸ ਅਤੇ ਵਿਕਾਸ ਦਾ ਵਰਨਣ ਕੀਤਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਆਪ ਕੈਨੇਡਾ ਵਿੱਚ ਸਿੱਖ ਜਨਤਕ ਮਾਮਲਿਆਂ ਦੀ ਇੱਕ ਪ੍ਰਮੁੱਖ ਸ਼ਖ਼ਸੀਅਤ ਅਤੇ ਵਰਲਡ ਸਿੱਖ ਆਰਗਨਾਈਜੇਸ਼ਨ ਦੇ ਸੰਸਥਾਪਕ ਪ੍ਰਧਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਕੈਨੇਡਾ ਦੀ ਵਿਸ਼ਵ ਸਿੱਖ ਸੰਸਥਾ ਵਿੱਚ ਕੰਮ ਕਰਦਿਆਂ ਉਥੋਂ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕੀਤਾ। ਹਰ ਰੋਜ਼ ਸਿੱਖਾਂ ਨੂੰ ਏਅਰ ਇੰਡੀਆ ਬੰਬ ਧਮਾਕੇ ਦੇ ਦੋਸ਼ੀ ਅਤੇ ਖਾੜਕੂ ਕੌਮ ਵਜੋਂ ਮੀਡੀਆ ਦੇ ਝੂਠ ਤੇ ਨਫਰਤ ਦਾ ਭਾਰਤ ਅਤੇ ਕੈਨੇਡਾ ਵਿੱਚ ਸਾਹਮਣਾ ਕਰਨਾ ਪਿਆ। ਸੰਧੂ ਨੇ ਇਸ ਕਿਤਾਬ ਰਾਹੀਂ ਆਧੁਨਿਕ ਗੁੰਝਲਦਾਰ ਰਾਜਨੀਤੀ ਦੇ ਅਣਕਹੇ ਵਿਰਲਾਪ ਦੀ ਪੇਸ਼ਕਾਰੀ ਕੀਤੀ ਹੈ ਪਰ ਉਸ ਦਾ ਸੰਘਰਸ਼ ਮੁਕਤੀ ਵੱਲ ਲੈ ਜਾ ਸਕਦਾ ਹੈ।

ਸੰਘਰਸ਼ ਤੋਂ ਅਜਾਦੀ ਵੱਲ ਜਾਂਦਿਆਂ ਸਿੱਖਾਂ ਨੇ ਸਰਕਾਰ, ਕਾਰੋਬਾਰ ਅਤੇ ਕਲਾਵਾਂ ਦੇ ਸ਼ਕਤੀਸ਼ਾਲੀ ਅਹੁਦਿਆਂ ਨੂੰ ਪ੍ਰਾਪਤ ਕੀਤਾ। ਸੰਧੂ ਨੇ ਸਿੱਖ ਦੇ ਕਾਨੂੰਨੀ ਅਤੇ ਰਾਜਨੀਤਿਕ ਚੇਤਨਾ ਜਗਾਉਣ ਨੂੰ ਵੀ ਜਾਗ੍ਰਿਤ ਕੀਤਾ, ਆਪਣੀ ਸੰਸਥਾ ਨੂੰ ਮਹੱਤਵਪੂਰਨ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਬਾਰੇ, ਇੱਕ ਰੂਪ ਰੇਖਾ ਦਿੱਤੀ, ਪਹਿਲਾਂ ਇਹ ਸੁਨਿਸ਼ਚਿਤ ਕੀਤਾ ਕਿ ਆਰ ਸੀ ਐਮ ਪੀ (RCMP) ਵਿੱਚ ਦਸਤਾਰ ਸਜਾ ਕੇ ਸੇਵਾ ਨਿਭਾਈ ਜਾ ਸਕਦੀ ਹੈ, ਫਿਰ ਮੁਸਲਮਾਨਾਂ, ਯਹੂਦੀਆਂ ਅਤੇ ਈਸਾਈਆਂ ਲਈ ਵੱਖ-ਵੱਖ ਹੱਕਾਂ ਦੇ ਮਾਮਲਿਆਂ ਵਿੱਚ ਧਾਰਮਿਕ ਅਜ਼ਾਦੀ ਲਈ ਮੁਹਿੰਮ ਚਲਾਈ ਹੈ।

ਅਣਗਾਹੇ ਰਾਹ ਸਾਊ ਅਤੇ ਸੰਵੇਦਨਸ਼ੀਲ ਲੋਕਾਂ ਦੀ ਜਿੱਤ ਦਾ ਜਸ਼ਨ ਹੈ ਜੋ ਘੱਟ ਗਿਣਤੀ ਵਜੋਂ ਹੁੰਦੇ ਹੋਏ ਵੀ ਆਪਣੇ ਕਿਰਦਾਰ ਨੂੰ ਤਰਾਸ਼ਣ ਲਈ ਸਰਗਰਮ ਭੂਮਿਕਾ ਨਿਭਾਅ ਰਹੇ ਹਨ। ਇਸ ਤੋਂ ਵੱਧ ਕੇ ਇਹ ਸਿੱਖ ਸੰਘਰਸ਼ ਦਾ ਇੱਕ ਜੀਵੰਤ ਵਿਕਾਸ ਮਾਰਗ ਹੈ ਜਿਸ ਅਧੀਨ ਕਿਵੇਂ ਵਿਅਕਤੀ ਅਤੇ ਭਾਈਚਾਰਾ ਆਪਣੇ ਸਮਾਜਿਕ ਹੱਕਾਂ ਲਈ ਲੜਦਾ ਹੈ ਅਤੇ ਕਿਵੇਂ ਸਰਬੱਤ ਲਈ ਨਿਆਂ ਪ੍ਰਾਪਤ ਕਰਦਾ ਹੈ।

# ਅਣਗਾਹੇ ਰਾਹ

## ਕੈਨੇਡਾ ਦੇ ਸਿੱਖਾਂ ਦਾ ਹਾਸ਼ੀਏ ਤੋਂ
## ਮੁੱਖ ਧਾਰਾ 'ਚ ਪ੍ਰਵੇਸ਼ ਹੋਣ ਦਾ ਸੰਘਰਸ਼

ਗਿਆਨ ਸਿੰਘ ਸੰਧੂ

# Angahe Raah

**by**

**Gian Singh Sandhu**

First Edition: 2019
Second Edition: 2020

**© 2019 by Gian Singh Sandhu**

**All rights reserved.** This book is sold subject to the condition that it shall not, by way of trade or otherwise, be lent, resold, hired out, or otherwise circulated without the author's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of the copyright owner.

ISBN: 978-93-5205-016-1 (hardcover)

1. Sikh History 2. Sikh-Canada- History 3. Sikh Diaspora
4. Sikh Canadian -Social conditions 5. World Sikh Organization of Canada 5. Title

**Printed & bound in India at**
Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India) email :
unistarbooks@gmail.com website :
www.unistarbooks.com
Ph. +91-172-5027427, 5027429, 4027552

# ਸਮਰਪਣ

*ਮੈਂ ਇਹ ਕਿਤਾਬ ਅਪਣੇ ਮਾਤਾ-ਪਿਤਾ, ਵਿਸ਼ੇਸ਼ ਕਰਕੇ ਮੇਰੇ ਅਤਿ ਸਤਿਕਾਰਯੋਗ ਮਾਤਾ ਜੀ ਚੰਨਣ ਕੌਰ (ਕਰਤਾਰੀ) ਨੂੰ ਸਮਰਪਿਤ ਕਰਦਾ ਹਾਂ, ਜੋ ਮੈਨੂੰ ਇਸ ਸੰਸਾਰ ਵਿੱਚ ਲਿਆਏ ਅਤੇ ਇੱਕ ਸ਼ਰਮੀਲੇ ਨੰਨੇ ਬਾਲ ਨੂੰ ਪਾਲ ਕੇ (ਅੱਜ ਮੈਂ ਜੋ ਕੁਝ ਵੀ ਹਾਂ) ਇਸ ਕਾਬਲ ਬਣਾਇਆ। ਮੇਰੀ ਜੀਵਨ-ਸਾਥਣ ਸੁਰਿੰਦਰ ਕੌਰ ਜੋ ਮੇਰੇ ਜੀਵਨ ਦੀਆਂ ਉੱਚੀਆਂ ਅਤੇਂ ਨੀਵੀਆਂ ਘਾਟੀਆਂ ’ਚ ਇੱਕ ਚਟਾਨ ਬਣਕੇ ਸਾਥ ਦਿੰਦੇ ਰਹੇ ਹਮੇਸ਼ਾਂ ਹੀ ਮੈਨੂੰ ਆਪਣੇ ਧਾਰਮਿਕ ਅਕੀਦੇ ਅਧਾਰਤ ਜੀਵਨ ਬਸਰ ਕਰਨ ਲਈ ਪ੍ਰੇਰਦੇ ਰਹੇ ਹਨ।*

# ਪ੍ਰਸਤਾਵਨਾ

ਇਨਸਾਨ ਦੀ ਜ਼ਿੰਦਗੀ ਉੱਚੀਆਂ ਨੀਵੀਆਂ ਘਾਟੀਆਂ ਵਿੱਚ ਸਮੋਈ ਹੋਈ ਹੈ। ਇਹ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਵਿੱਚ ਕਿਸ ਤਰ੍ਹਾਂ ਵਿਚਰਨਾ ਹੈ। ਮੈਨੂੰ ਕੈਨੇਡਾ 'ਚ ਡੇਰੇ ਲਾਏ ਤਕਰੀਨ ਅੱਧੀ ਸਦੀ ਹੋ ਗਈ ਹੈ। 2016 ਵਿੱਚ, 38 ਸਾਲਾਂ ਬਾਅਦ ਜਦ ਮੈਨੂੰ ਦਰਬਾਰ ਸਾਹਿਬ ਮੱਥਾ ਟੇਕਣ ਦਾ ਸੁਭਾਗ ਪ੍ਰਾਪਤ ਹੋਇਆ, ਤਾਂ ਕਈ ਦਹਾਕਿਆਂ ਤੋਂ ਦਰਸ਼ਨਾ ਨੂੰ ਲੋਚਦੀ ਰੂਹ ਨੂੰ ਸੰਤੁਸ਼ਟੀ ਮਹਿਸੂਸ ਹੋਈ। ਉਸ ਅਨੰਦ ਦੀ ਵਿਆਖਿਆ ਸ਼ਬਦਾਂ 'ਚ ਨਹੀਂ ਕੀਤੀ ਜਾ ਸਕਦੀ। 1984 ਦੇ ਦਰਦਨਾਕ ਕਾਂਡ ਦੀ ਯਾਦ ਨੇ ਅੱਖਾਂ ਨਮ ਕਰ ਦਿੱਤਿਆਂ। ਇਸ ਵਿਸ਼ੇ ਤੇ ਕਈ ਦਰਜਨਾਂ ਲਿਖੀਆਂ ਪੁਸਤਕਾਂ ਦੇ ਅੰਕੜੇ ਯਾਦ ਆਉਣ ਲੱਗੇ। ਮਨ ਵਿੱਚ ਵਿਚਾਰ ਪ੍ਰਗਟ ਹੋਇਆ ਕਿ ਸਾਰੀ ਜ਼ਿੰਦਗੀ ਨਿਕਲੀ ਜਾ ਰਹੀ ਹੈ, ਕਿਉਂ ਨਾ ਦਹਾਕਿਆਂ ਤੋਂ ਸਭਾਂਲੇ ਹੋਏ ਕੁੱਝ ਦਸਤਾਵੇਜ਼ਾਂ ਨੂੰ ਇੱਕ ਕਿਤਾਬ ਦਾ ਰੂਪ ਦਿੱਤਾ ਜਾਵੇ। ਫਿਰ ਕੀ ਸੀ ਕੈਨੇਡਾ ਵਾਪਸ ਆ ਕੇ ਪੁਸਤਕ ਲਿਖਣੀ ਸ਼ੁਰੂ ਕੀਤੀ। ਤਕਰੀਬਨ 16 ਮਹੀਨੇ ਬਾਅਦ ਇਸ ਕਿਤਾਬ ਦਾ ਪਹਿਲਾ ਸੰਸਕਰਣ ਅੰਗਰੇਜ਼ੀ ਵਿੱਚ ਸੰਗਤਾਂ ਦੇ ਰੂ-ਬਰੂ ਹੋਇਆ।

**ਐਨ ਅਨਕੌਮਨ ਰੋਡ**: ਕੈਨੇਡਾ ਦੇ ਸਿੱਖਾਂ ਦਾ ਹਾਸ਼ੀਏ ਤੋਂ ਮੁੱਖ ਧਾਰਾ 'ਚ ਪ੍ਰਵੇਸ਼ ਹੋਣ ਦਾ ਸੰਘਰਸ਼ (AN UNCOMMON ROAD, How Canadian Sikhs struggled out of the fringes and into the mainstream) ਨੇ ਅੰਗਰੇਜ਼ੀ ਪਾਠਕਾਂ ਦੇ ਮਨ ਨੂੰ ਟੁੰਬਿਆ ਅਤੇ ਕੈਨੇਡਾ ਦੇ ਮੁੱਖ ਧਾਰਾ ਮੀਡੀਏ ਨੇ ਇਸ ਕਿਤਾਬ ਦੀ ਨਿਸ਼ਚਿਤ ਸਮੀਖਿਆ ਅਤੇ ਭਰਪੂਰ ਸ਼ਲਾਘਾ ਕੀਤੀ। ਰੀਲੀਜ਼ ਕਰਨ ਦੇ ਪਹਿਲੇ ਮਹੀਨੇ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਉਤਸੁਕ ਪਾਠਕਾਂ ਨੇ ਪੁਸਤਕਾਂ ਖਰੀਦੀਆਂ। ਪਾਠਕਾਂ (ਖਾਸ ਕਰਕੇ ਗੈਰ-ਸਿੱਖਾਂ) ਦੇ ਫੀਡਬੈਕ ਤੋਂ ਮਨ ਨੂੰ ਤਸੱਲੀ ਹੋਈ ਕਿ ਇਹ ਪ੍ਰੋਜੈਕਟ ਆਪਣੀ ਛਾਪ ਛੱਡ ਰਿਹਾ ਹੈ। ਪੰਜਾਬੀ ਪਾਠਕ ਤਦ ਤੋਂ ਹੀ ਇਸ ਕਿਤਾਬ ਦੇ ਪੰਜਾਬੀ ਅਨੁਵਾਦ ਦੇ ਇੰਤਜ਼ਾਰ ਵਿੱਚ ਹਨ।

ਮੈਂ ਪੰਜਾਬੀ ਦਾ ਬਹੁਤਾ ਵਧੀਆ ਲੇਖਕ ਨਹੀਂ ਹਾਂ ਫਿਰ ਵੀ ਗੁਰੂ ਆਸ਼ੇ ਨਾਲ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿੱਚ ਇਨ-ਬਿਨ ਆਪਣੇ ਢੰਗ ਨਾਲ ਪੂਰਾ ਜਜ਼ਬਾ ਭਰਨ ਦੀ ਕੋਸ਼ਿਸ਼ ਕੀਤੀ ਹੈ। ਅੱਜ ਜੋ ਰੂਪ ਆਪ ਜੀ ਪੜ੍ਹਨ ਜਾ ਰਹੇ ਹੋ ਇਸ ਵਿੱਚ ਪੰਜਾਬੀ ਭਾਸ਼ਾ ਦੇ ਮਾਹਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਡੀਨ ਭਾਸ਼ਾਵਾਂ ਡਾਕਟਰ ਅੰਮ੍ਰਿਤਪਾਲ ਕੌਰ ਜੀ ਨੇ

ਸੰਪਾਦਨ ਕਰਦੇ ਸਮੇਂ ਜੋ ਰੰਗ ਭਰਿਆ ਅਤੇ ਸ਼ਬਦਾਂ ਦਾ ਹਾਰ ਪਰੋਇਆ ਹੈ, ਮੈਂ ਕਦੀ ਵੀ ਨਹੀਂ ਕਰ ਸਕਦਾ ਸੀ। ਇਸ ਲਈ ਮੈਂ ਡਾਕਟਰ ਸਾਹਿਬਾ ਦਾ ਦਿੱਲ ਦੀ ਗਹਿਰਾਈ ਤੋਂ ਧੰਨਵਾਦੀ ਅਤੇ ਰਿਣੀ ਹਾਂ।

ਅਨਕੌਮਨ ਰੋਡ, ਅਣਗਾਹੇ ਰਾਹ ਮੇਰੀ ਕਹਾਣੀ ਨਹੀਂ, ਇਸ ਦੀ ਬਜਾਏ ਕੈਨੇਡਾ ਵਿੱਚ ਵਸਦੇ ਸਿੱਖਾਂ ਨੂੰ ਆਪਣੀ ਸ਼ਖ਼ਸੀਅਤ ਸਥਾਪਤ ਕਰਨ ਅਤੇ ਮੁੱਖਧਾਰਾ ਦੇ ਭਾਈਚਾਰੇ ਦਾ ਹਿੱਸਾ ਬਣਨ ਲਈ ਕੀਤੇ ਸੰਘਰਸ਼ ’ਚ ਵਾਪਰੀਆਂ ਘਟਨਾਵਾਂ ਦਾ ਇਤਿਹਾਸ ਹੈ। ਹਰ ਸਿੱਖ ਇਸ ਵਿੱਚ ਆਪਣੀ ਨਿੱਜੀ ਤਸਵੀਰ ਦੇਖ ਸਕਦਾ ਹੈ। ਹਰ ਵਾਪਰੀ ਘਟਨਾ ਤੱਥ ਅਧਾਰਤ ਹੈ ਅਤੇ ਸੋਮਿਆਂ ਦਾ ਵੇਰਵਾ ਨੋਟਾਂ ਵਿੱਚ ਦਿਤਾ ਹੋਇਆ ਹੈ।

ਸਿੱਖਾਂ ਦਾ ਬਹੁਤਾ ਇਤਿਹਾਸ ਆਮ ਤੌਰ ਤੇ ਬਾਹਰੋਂ ਝਾਕਦਿਆਂ ਲਿਖਿਆ ਹੋਇਆ ਹੈ। ਇਹ ਪੁਸਤਕ ਅੰਦਰੋਂ ਬੈਠ ਕੇ ਹੀ ਨਹੀਂ ਸਗੋਂ ਵਿਅਕਤੀਗਤ ਤੌਰ ਤੇ ਬਹੁਤੀਆਂ ਘਟਨਾਵਾਂ ਦਾ ਅਨੁਭਵ ਕਰਕੇ ਲਿਖੀ ਗਈ ਹੈ। ਦੁਨੀਆਂ ਭਰ ਵਿੱਚ ਕੈਨੇਡਾ ਇੱਕ ਇਹੋ ਜਿਹਾ ਦੇਸ਼ ਹੈ ਜੋ ਹਰ ਇੱਕ ਨੂੰ ਬਰਾਬਰ ਦੇ ਹੱਕਾਂ ਲਈ ਵਚਨਬੱਧ ਹੈ ਫਿਰ ਵੀ ਸਮੇਂ-ਸਮੇਂ ਘੱਟ ਗਿਣਤੀ ਲੋਕਾਂ, ਖਾਸ ਕਰਕੇ ਕਾਲੇ ਅਤੇ ਭੂਰੇ ਜਾਂ ਕਣਕਵੰਨੇ ਰੰਗ ਵਾਲਿਆਂ ਨਾਲ ਵਿਤਕਰੇ ਹੁੰਦੇ ਹੀ ਰਹਿੰਦੇ ਹਨ ਜੇ ਕਰ ਇਨ੍ਹਾਂ ਵਿਤਕਰਿਆਂ ਦੇ ਸਰੋਤ ਦੂਸਰੇ ਦੇਸ਼ਾਂ ਨਾਲ ਕੜੀ ਜੋੜਨ ਤਾਂ ਇਨਸਾਨੀ ਮੁਸ਼ਕਲਾਂ ਹੋਰ ਵੀ ਸੰਜੀਦਾ ਹੋ ਨਿਬੜਦੀਆਂ ਹਨ। ਉਨ੍ਹਾਂ ਚੁਣੌਤੀਆਂ ਨੂੰ ਨਿਜਿੱਠਣ ਲਈ, ਇਹ ਪੁਸਤਕ ਹਰ ਸਿੱਖ ਅਤੇ ਗੈਰ-ਸਿੱਖ ਲਈ ਪ੍ਰੇਰਨਾ ਸਰੋਤ ਸਾਬਤ ਹੋਵੇਗੀ।

ਇਸ ਨੂੰ ਪੜ੍ਹਨ ਦਾ ਅਨੰਦ ਲਓ! ਫੀਡਬੈਕ ਦੇਣਾ ਨਾ ਭੁੱਲਣਾ।

ਗਿਆਨ ਸਿੰਘ ਸੰਧੂ
ਸਰੀ, ਬ੍ਰਿਟਿਸ਼ ਕੋਲੰਬੀਆ, ਕੈਨੇਡਾ
ਈ ਮੇਲ: gianssandhu@gmail.com

# ਦੋ ਸ਼ਬਦ

'ਅਣਗਾਹੇ ਰਾਹ' (Uncommon Road) ਨਾਲ ਮੇਰੀ ਪਹਿਲੀ ਸਾਂਝ ਉਦੋਂ ਪਈ ਜਦੋਂ ਮੈਂ ਇਸ ਪੁਸਤਕ ਦਾ ਅੰਗ੍ਰੇਜ਼ੀ ਰੂਪ ਪੜ੍ਹਿਆ। ਉਸ ਸਮੇਂ ਮੈਂ ਕੈਨੇਡਾ ਆਪਣੇ ਬੱਚਿਆਂ ਕੋਲ ਗਰਮੀ ਦੀਆਂ ਛੁੱਟੀਆਂ ਵਿੱਚ ਰਹਿਣ ਗਈ ਹੋਈ ਸੀ। ਅੱਜ ਵੀ ਉਹ ਦਿਨ ਯਾਦ ਹੈ ਜਦੋਂ ਸ੍ਰ. ਗਿਆਨ ਸਿੰਘ ਸੰਧੂ ਜੀ ਦਾ ਮੈਨੂੰ ਫੋਨ ਆਇਆ ਤੇ ਕਹਿਣ ਲਗੇ ਮੈਂ ਤੁਹਾਨੂੰ ਮਿਲਣਾ, ਹੈਰਾਨੀ ਹੋਈ! ਮੈਂ ਕਿਹਾ ਜ਼ਰੂਰ ਆਓ। ਕਹਿਣ ਲਗੇ ਤੁਸੀਂ ਐਡਰਸ ਭੇਜੋ ਮੈਂ ਆ ਜਾਵਾਂਗਾ! ਉਦੋਂ ਮੈਂ ਇਹਨਾਂ ਨੂੰ ਕੇਵਲ ਨਾਮ ਤੋਂ ਹੀ ਜਾਣਦੀ ਸੀ ਕਦੇ ਮੁਲਾਕਾਤ ਦਾ ਮੌਕਾ ਨਹੀਂ ਮਿਲਿਆ ਸੀ। ਉਹਨਾਂ ਆਪਣੀ ਅੰਗ੍ਰੇਜ਼ੀ ਦੀ ਕਿਤਾਬ ਮੈਨੂੰ ਭੇਂਟ ਕਰਦਿਆਂ ਕਿਹਾ ਕਿ ਇਸ ਨੂੰ ਪੜ੍ਹ ਲਵੋ ਪੰਦਰਾਂ ਦਿਨਾਂ ਤਕ ਕਿਤਾਬ ਦਾ ਰਿਲੀਜ਼ ਸਮਾਗਮ ਹੈ ਉਸ ਵਿੱਚ ਤੁਸੀਂ ਇਸ ਪੁਸਤਕ 'ਤੇ ਆਪਣੇ ਵਿਸ਼ੇਸ਼ ਵਿਚਾਰ ਰੱਖਣੇ ਹਨ, ਉਹਨਾਂ ਬੜੇ ਅਪਣੱਤ ਤੇ ਸਤਿਕਾਰ ਨਾਲ ਸੰਬੋਧਨ ਕਰਦਿਆਂ ਕਿਹਾ। ਕਿਤਾਬ ਦਾ ਸਿਰਲੇਖ ਵੇਖਦਿਆਂ ਹੀ ਮੈਨੂੰ ਜਿਗਿਆਸਾ ਹੋਈ ਤੇ ਸਮਾਗਮ ਵਿੱਚ ਸ਼ਾਮਲ ਹੋਣ ਦੀ ਸਹਿਮਤੀ ਦੇ ਦਿੱਤੀ ਜਿਉਂ-ਜਿਉਂ ਕਿਤਾਬ ਨੂੰ ਪੜ੍ਹਨਾ ਸ਼ੁਰੂ ਕੀਤਾ ਦਿਲਚਸਪੀ ਵਧਦੀ ਗਈ ਅਤੇ ਉਤਸੁਕਤਾ ਵੀ!

ਆਰੰਭ ਵਿੱਚ ਪੜ੍ਹਦਿਆਂ ਲਗਿਆ ਕਿ ਇਹ ਇੱਕ ਸਵੈਜੀਵਨੀ ਹੈ, ਫਿਰ ਲਗਿਆ ਨਹੀਂ ਇਹ ਇੱਕ ਇਤਿਹਾਸ ਹੈ, ਫਿਰ ਲਗਿਆ ਇੱਕ ਵਿਅਕਤੀ ਦੇ ਸੰਘਰਸ਼ ਦੀ ਗਾਥਾ ਹੈ। ਵਡੇ ਅਰਥਾਂ ਵਿੱਚ ਇਹ ਕੇਵਲ ਇੱਕ ਦੀ ਨਹੀਂ ਸਮੂਹ ਦੀ ਗਾਥਾ ਹੈ ਕੈਨੇਡਾ ਵਿੱਚ ਵਸਦੇ ਪਰਵਾਸੀਆਂ ਦੀ, ਜਿਨ੍ਹਾਂ ਨੇ ਮੇਜ਼ਬਾਨ ਮੁਲਕ ਵਿੱਚ ਆਪਣੀ ਪਹਿਚਾਣ ਬਨਾਉਣ ਹਿਤ ਧਾਰਮਿਕ, ਸਮਾਜਿਕ, ਰਾਜਨੀਤਕ ਸੰਘਰਸ਼ ਕਰਦਿਆਂ ਵੱਖ-ਵੱਖ ਹੱਕਾਂ ਅਤੇ ਬਰਾਬਰੀ ਨੂੰ ਹਾਸਿਲ ਕੀਤਾ।

ਹੱਥਲੀ ਪੁਸਤਕ ਲੇਖਕ ਦੀਆਂ ਮਿੱਠੀਆਂ ਕੌੜੀਆਂ ਯਾਦਾਂ, ਜਿੱਤਾਂ-ਪਛਾੜਾਂ, ਜੀਵਨ ਦੀਆਂ ਅਹਿਮ ਘਟਨਾਵਾਂ, ਸ਼ਖਸੀਅਤ ਦੀਆਂ ਸਿਰਜਕ ਘਟਨਾਵਾਂ, ਸਿੱਖ ਸਮਾਜ ਨੂੰ ਦਰਪੇਸ਼ ਦੁਸ਼ਵਾਰੀਆਂ ਤੋਂ ਲੇ ਕੇ ਇੱਕ ਕੌਮ ਦੇ ਬਰਾਬਰੀ ਦੇ ਹੱਕਾਂ ਦਾ ਬਿਰਤਾਂਤ ਹੈ ਜੋ ਵਿਸ਼ਾਲ ਬ੍ਰਹਿਮੰਡ ਦੇ ਨਿਆਈ ਹੈ ਜਿਸ ਦੀ ਥਾਹ ਆਉਂਦਾ ਪਾਠਕ ਖੁਦ ਹੀ ਉਸ ਵਿਸ਼ਾਲਤਾ ਦਾ ਹਿੱਸਾ ਬਣ ਜਾਂਦਾ ਹੈ ਕਿਉਂਕਿ ਉਸ ਬ੍ਰਹਿਮੰਡ ਵਿੱਚ ਜ਼ਿੰਦਗੀ ਦਾ ਫਲਸਫਾ ਹੈ ਜਿਸ ਬਾਰੇ ਅਸੀਂ ਸੁਚੇਤ ਨਹੀਂ ਹੁੰਦੇ ਪਰ ਇਹ ਸਤਿ ਹੈ ਕਿਉਂਕਿ ਹਰ ਸਮੇਂ ਕੋਈ ਨਾ ਕੋਈ ਫਲਸਫਾ ਸਾਡੇ ਵਿਚਾਰਾਂ ਦੀ ਰਹਿਨੁਮਾਈ ਕਰ ਰਿਹਾ ਹੁੰਦਾ ਜੋ ਸਾਡੀ ਜ਼ਿੰਦਗੀ ਨੂੰ ਅਮਲੀ ਜਾਮਾ ਦੇ ਰਿਹਾ ਹੁੰਦਾ ਹੈ।

ਜਦੋਂ ਪਾਠਕ ਪੁਸਤਕ ਨੂੰ ਖੋਲ ਕੇ ਪੜ੍ਹਨਾ ਆਰੰਭ ਕਰਦਾ ਹੈ ਤਾਂ ਉਥੇ ਉਸ

ਦੀ ਮੁਲਾਕਾਤ ਇੱਕ ਛੋਟੇ ਜਿਹੇ ਪੇਂਡੂ ਬਾਲ ਨਾਲ ਹੁੰਦੀ ਜੋ ਆਪਣੇ ਰਿਸ਼ਤੇ, ਸਮਾਜ, ਸਭਿਆਚਾਰ ਪਰਿਵਾਰ ਵਿੱਚ 1947 ਦੀ ਵੰਡ ਨੂੰ ਸਿਮਰਦਾ ਵੱਡਾ ਹੁੰਦਾ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਪੜਚੋਲਦਾ ਹੈ। ਪਾਠਕ ਪੂਰੀ ਕਿਤਾਬ ਵਿੱਚ ਉਸ ਬਾਲਕ ਨੂੰ ਨਿਹਾਰਦਾ ਉਸ ਦੇ ਅਨੁਭਵ ਨੂੰ ਗ੍ਰਹਿਣ ਕਰਦਾ, ਉਸ ਦੇ ਸੰਘਰਸ਼ ਨੂੰ ਵੇਖਦਾ ਹੈ। ਉਹ ਸੰਘਰਸ਼ ਜੋ ਲੇਖਕ ਦੀ ਸਿਮਰਤੀ ਵਿੱਚ ਪਿਆ ਜੋ ਉਸ ਨੂੰ ਮੂਲਵਾਸ ਪੰਜਬ ਨਾਲ ਜੋੜਦਾ, ਜਿਸ ਦਾ ਇੱਕ ਵੱਡਾ ਇਤਿਹਾਸ ਹੈ। ਅੰਗ੍ਰੇਜ਼ਾਂ ਹਥੋਂ ਸਿੱਖ ਰਾਜ ਦੇ ਖੁਸ ਜਾਣ ਦਾ, ਲੇਖਕ ਦੇ ਸਮਕਾਲ ਵਿੱਚ ਸੰਨ 1947 ਦੇ ਸੰਤਾਪ ਦਾ, ਸੰਨ ਚੌਰਾਸੀ ਦੀਆਂ ਮੰਦੀਆਂ ਘਟਨਾਵਾਂ ਦਾ, ਏਅਰ ਇੰਡੀਆ ਬੰਬ ਧਮਾਕੇ ਦਾ, ਜਿਸ ਕਾਰਨ ਕੌਮ ਨੂੰ ਮਾਨਸਿਕ ਸੰਕਟ ਤੇ ਯਾਤਨਾ ਵਿੱਚ ਘਿਰਨਾ ਪਿਆ ਤੇ ਵਰਤਮਾਨ ਵਿੱਚ ਬਹੁ ਸਭਿਆਚਾਰ ਵਿੱਚ ਰਹਿ ਕੇ ਹਾਸ਼ੀਏ ਗਤ ਹੋਣ ਦਾ। ਏਥੇ ਲੇਖਕ ਸਵੈ ਦੀ ਲੜਾਈ ਤੋਂ ਹਾਸ਼ੀਏ ਉਤੇ ਖਲੋਤੇ ਹਰ ਉਸ ਵਿਅਕਤੀ ਲਈ ਕਾਰਜਸ਼ੀਲ ਹੁੰਦਿਆਂ ਵਿਸ਼ਵੀ ਭਾਈਚਾਰੇ ਦੇ ਸਫ਼ਰ ਨੂੰ ਹਾਸਿਲ ਕਰਨ ਲਈ ਅਗ੍ਰਸ਼ੀਲ ਹੁੰਦਾ ਹੈ। ਉਪਰੰਤ ਸਵੈ ਸਮਰਥ, ਸ਼ਕਤੀਸ਼ਾਲੀ ਅਤੇ ਆਪਣੀ ਮੂਲ ਪਹਿਚਾਣ ਨੂੰ ਬਰਾਬਰੀ ਤੇ ਸਥਾਪਤ ਕਰਨ ਹਿਤ ਸਫਲ ਵੀ ਹੁੰਦਾ ਹੈ।

ਲੇਖਕ ਨੂੰ ਵਿਰਾਸਤ ਵਿੱਚ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਮਿਲੀ ਜਿਸ ਨੇ ਨਾ ਸਿਰਫ ਉਹਨਾਂ ਦੇ ਬਾਹਰੀ ਸਰੂਪ ਨੂੰ ਪਹਿਚਾਣ ਦਿਤੀ ਬਲਕਿ ਜ਼ਿੰਦਗੀ ਦੇ ਵਿਉਹਾਰ ਨੂੰ ਵੀ ਅਨੁਸ਼ਾਸਿਤ ਕੀਤਾ। ਇਸੇ ਕੇਂਦਰੀ ਥੀਮ ਨਾਲ ਹੀ ਉਹ ਆਪਣੇ ਚਾਰ ਦਹਾਕਿਆਂ ਦੇ ਬਿਰਤਾਂਤ ਦੀ ਪੇਸ਼ਕਰੀ ਨੂੰ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਸੰਦਰਭਾਂ ਵਿੱਚ ਪ੍ਰਸਤੁਤ ਕਰਦੇ ਹਨ। ਇਸ ਲਿਖਤ ਦਾ ਬਿਰਤਾਂਤਕੀ ਪ੍ਰਵਚਨ ਬਹੁ ਪਰਤੀ ਤੇ ਬਹੁ ਪਾਸਾਰੀ ਹੈ। ਮੁਖ ਰੂਪ ਵਿੱਚ ਇਸ ਦੇ ਤਿੰਨ ਭਾਗ ਹਨ, ਭਾਗ ਪਹਿਲਾ ਸਿੱਖ ਸਮਾਜ-ਸਭਿਆਚਾਰ ਨਾਲ ਸਬੰਧਤ ਇਤਿਹਾਸਕ ਤੱਥ ਅਧਾਰਿਤ ਘਟਨਾਵਾਂ ਨੂੰ ਆਪਣੇ ਨਜ਼ਰੀਏ ਤੋਂ ਪੇਸ਼ ਕਰਨਾ ਹੈ। ਦੂਸਰਾ ਭਾਗ ਕੈਨੇਡਾ ਵਿਚਲੇ ਉਹਨਾਂ ਦਾ ਪਰਵਾਸ-ਵਿਕਾਸ, ਦਰਪੇਸ਼ ਚਣੌਤੀਆਂ ਦੇ ਜਨਤਕ ਸੰਘਰਸ਼ ਨੂੰ ਬਿਆਨਦਾ ਹੈ ਅਤੇ ਤੀਸਰਾ ਭਾਗ ਵਿਸ਼ਵੀ ਭਾਈਚਾਰੇ ਦੇ ਸਨਮੁਖ ਹਾਸ਼ੀਏਗਤ ਹਰ ਕੌਮ ਨੂੰ ਰਾਜਨੀਤਕ ਸਮਾਜਿਕ ਧਾਰਮਿਕ ਸਭਿਆਚਾਰਕ ਚਣੌਤੀਆਂ ਵਿਚੋਂ ਬਾਹਰ ਨਿਕਲਣ ਅਤੇ ਮੁਖ ਧਾਰਾ ਦਾ ਹਿੱਸਾ ਬਨਾਉਣ ਹਿਤ ਯਤਨਸ਼ੀਲ ਹੋਣਾ ਹੈ ਜਿਸ ਦੇ ਅਧਾਰ ਰੂਪ ਵਿੱਚ ਗੁਰਮਤਿ ਦੀ ਕੇਂਦਰੀ ਵਿਚਾਰਧਾਰਾ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਸਿਧਾਂਤ ਵਿਹਾਰਕ ਰੂਪ ਵਿੱਚ ਦ੍ਰਿਸ਼ਟਮਾਨ ਹੁੰਦਾ ਹੈ।

ਹੱਥਲੀ ਪੁਸਤਕ ਦਾ ਅਨੁਵਾਦ ਅੰਗ੍ਰੇਜ਼ੀ ਸੰਸਕਰਣ ਦੀ ਮੂਲ ਭਾਵਨਾ ਦੀ ਤਰਜਮਾਨੀ ਕਰਦਾ ਹੈ। ਇਸ ਲਈ ਸ਼ਬਦ ਚੋਣ, ਵਾਕ ਬਣਤਰ ਅਤੇ ਬਿਰਤਾਂਤਕ ਰਸ ਦਾ ਵਿਸ਼ੇਸ਼ ਧਿਆਨ ਰਖਿਆ ਗਿਆ ਹੈ। ਅਨੁਵਾਦ ਵਿੱਚ

ਬਹੁਤ ਸਾਰੇ ਅੰਗ੍ਰੇਜ਼ੀ ਸ਼ਬਦਾਂ ਨੂੰ ਨਾਲ-ਨਾਲ ਵੀ ਦਿੱਤਾ ਗਿਆ, ਕਿਉਂਕਿ ਪੰਜਾਬੀ ਰੂਪਾਂਤਰਣ ਵਿੱਚ ਲਿਖਤ ਤੇ ਉਚਾਰਣ ਦੋਹਾਂ ਪੱਧਰਾਂ 'ਤੇ ਤਬਦੀਲੀ ਹੋਣੀ ਸੰਭਵ ਹੈ ਇਸ ਲਈ ਅੰਗ੍ਰੇਜ਼ੀ ਸ਼ਬਦਾਂ, ਵਾਕਾਂ ਅਤੇ ਤੱਥਾਂ ਨੂੰ ਸੰਦਰਭ ਸਹਿਤ ਦਿੱਤਾ ਗਿਆ ਹੈ। ਇਸ ਪੁਸਤਕ ਵਿੱਚ ਅੰਕਿਤ ਮੂਲ ਵਿਚਾਰ ਅਤੇ ਦ੍ਰਿਸ਼ਟੀਕੋਣ ਲੇਖਕ ਦਾ ਨਿੱਜੀ ਤੇ ਮੌਲਿਕ ਹੈ। ਲੇਖਕ ਦੀ ਇਹ ਵਾਰਤਕ ਰਚਨਾ ਜਿਥੇ ਉਸ ਦੇ ਵਲਵਲਿਆਂ ਦੀ ਸੱਚੀ ਸੁੱਚੀ ਪੇਸ਼ਕਾਰੀ ਦਾ ਸਬੱਬ ਬਣਦੀ ਹੈ ਉਥੇ ਇਹ ਪਰਵਾਸੀ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਦੀ ਕੈਨੇਡੀਅਨ ਧਰਤੀ ਉੱਤੇ ਗੁਆਚ ਰਹੀ ਆਪਣੀ ਮੂਲ ਪਛਾਣ ਨੂੰ ਕਾਇਮ ਰੱਖਣ ਦੇ ਸੰਘਰਸ਼ ਦੀ ਪੇਸ਼ਕਾਰੀ ਵੀ ਹੈ। ਪਰਵਾਸੀ ਸਾਹਿਤ ਦੇ ਸੰਦਰਭ ਵਿੱਚ ਜਿੱਥੇ ਇਹ ਪੁਸਤਕ ਵਿਅਕਤੀ ਦੇ ਪਰਵਾਸ ਵਿੱਚ ਸਥਾਪਤੀ ਦੇ ਸ਼ੰਘਰਸ਼ ਦੀ ਗਾਥਾ ਹੈ ਉੱਥੇ ਮੂਲਵਾਸ ਦੇ ਸੰਦਰਭ ਵਿੱਚ ਰਾਜਸੀ, ਆਰਥਿਕ, ਸਮਾਜ- ਸਭਿਆਚਾਰਕ ਅਤੇ ਧਾਰਮਿਕ ਗਿਆਨ ਦਾ ਸੋਮਾ ਵੀ ਹੈ। ਦੇਸ ਅਤੇ ਪਰਦੇਸ ਵਿੱਚ ਬੈਠਾ ਪਾਠਕ ਦੋਵੇਂ ਹੀ ਇਸ ਪੁਸਤਕ ਨੂੰ ਪੜ੍ਹਦਿਆਂ ਇਸ ਦੀ ਰੂਹ ਨਾਲ ਜੁੜ ਜਾਣਗੇ, ਅਜਿਹਾ ਮੇਰਾ ਨਿਸ਼ਚਾ ਹੈ। ਇਹ ਪੁਸਤਕ ਜਿੱਥੇ ਸਮੇਂ ਦੀ ਲੋੜ ਨੂੰ ਪੂਰਿਆਂ ਕਰੇਗੀ ਉਥੇ ਸਾਰਥਕ ਤੇ ਨਵੀਨ ਵਿਚਾਰ ਚਰਚਾ ਨੂੰ ਜਨਮ ਵੀ ਦੇਵੇਗੀ।

ਪੁਸਤਕ ਸੰਬੰਧੀ ਇਨ੍ਹਾਂ ਕੁਝ ਸ਼ਬਦਾਂ ਰਾਹੀਂ ਲਿਖਤ ਨੂੰ ਪੜ੍ਹਨ ਸਮਝਣ ਅਤੇ ਭਵਿੱਖ ਨੂੰ ਸ਼ਿੰਗਾਰਨ ਲਈ ਸਮੂਹ ਪਾਠਕਾਂ ਨੂੰ ਸੱਦਾ ਹੈ। ਯੂਨੀਸਟਾਰ ਪਬਲੀਕੇਸ਼ਨਜ਼ ਦਾ ਧੰਨਵਾਦ ਹੈ, ਜਿਨ੍ਹਾਂ ਦੀ ਖੂਬਸੂਰਤ ਪ੍ਰਿੰਟਿੰਗ ਰਾਹੀਂ ਇਹ ਪੁਸਤਕ ਪਾਠਕਾਂ ਤਕ ਪਹੁੰਚੀ ਹੈ।

ਡਾ. ਅੰਮ੍ਰਿਤਪਾਲ ਕੌਰ
ਪ੍ਰੋਫੈਸਰ, ਪੰਜਾਬੀ ਸਾਹਿਤ ਅਧਿਐਨ ਵਿਭਾਗ
ਸਾਬਕਾ ਡੀਨ ਭਾਸ਼ਾਵਾਂ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਮੁਖਬੰਦ

*ਇੱਕ ਵਿਅਕਤੀ ਦੀ ਜ਼ਿੰਦਗੀ ਦਾ ਅਸਲੀ ਮਾਪਦੰਡ ਇਹ ਨਹੀਂ*
*ਕਿ ਉਹ ਅਰਾਮ ਅਤੇ ਸੁਵਿਧਾ ਦੇ ਪਲਾਂ ਵਿੱਚ ਕਿੱਥੇ ਖੜੋਤਾ ਹੈ,*
*ਸਗੋਂ ਇਸ ਤੋਂ ਕਿ ਉਹ ਚੁਣੌਤੀ ਅਤੇ ਵਿਵਾਦ ਦੇ ਸਮੇਂ ਕਿੱਥੇ ਖੜਾ ਹੈ।* [1]
*(ਮਾਰਟਨ ਲੂਥਰ ਕਿੰਗ ਜੂਨੀਅਰ)*

ਉਪਰੋਕਤ ਹਵਾਲੇ ਤੋਂ ਇਹ ਸੰਕੇਤ ਹੈ ਕਿ ਲੇਖਕ ਗਿਆਨ ਸਿੰਘ ਸੰਧੂ ਦੀ ਕਿਤਾਬ ਦੇ ਪੰਨਿਆਂ ਦੇ ਵਿਚਕਾਰ ਕੁਝ ਖਾਸ ਚੁਣੌਤੀਆਂ ਅਤੇ ਵਿਵਾਦ ਛੁਪੇ ਹੋਏ ਹਨ। 1970 ਵਿੱਚ ਜਦ ਗਿਆਨ ਸਿੰਘ ਸੰਧੂ ਕੈਨੇਡਾ ਆਏ, ਤਦ ਤੋਂ ਉਨ੍ਹਾਂ ਨੂੰ ਵੀ ਅਨੇਕ ਚਣੌਤੀਆਂ ਅਤੇ ਵਿਵਾਦਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਦੀ ਵਿਆਖਿਆ ਇਸ ਪੁਸਤਕ ਦੇ ਪੰਨਿਆਂ ਵਿੱਚ ਕੀਤੀ ਗਈ ਹੈ ਜਿਸ ਤੋਂ ਅਸੀਂ ਇੱਕ ਵਿਅਕਤੀ ਨਹੀਂ, ਪਰ ਉਸ ਵੱਲੋਂ ਭਾਈਚਾਰੇ ਲਈ ਕੀਤੇ ਅਨੇਕ ਵਿਸ਼ਾਲ ਕਾਰਜ ਅਤੇ ਸਰਗਮੀਆਂ ਦੀਆਂ ਝਲਕੀਆਂ ਵੀ ਨਸ਼ਰ ਹੁੰਦੀਆਂ ਹਨ।

ਜਦ ਗਿਆਨ ਸਿੰਘ ਕੈਨੇਡਾ ਆਏ ਤਾਂ ਉਨ੍ਹਾਂ ਦਾ ਅੱਜ ਦੇ ਸੀਰੀਆ (Syria) ਅਤੇ ਹੋਰ ਵਿਵਾਦਗ੍ਰਸਤ ਇਲਾਕਿਆਂ ਤੋਂ ਆਏ ਸ਼ਰਨਾਰਥੀਆਂ ਵਾਂਗ ਨਿੱਘਾ ਸਵਾਗਤ ਨਹੀਂ ਸੀ ਹੋਇਆ। ਬਹੁ-ਸਭਿਆਚਾਰਵਾਦ ਨੀਤੀ ਅਪਨਾਉਣ ਤੋਂ ਪਹਿਲਾਂ ਕੈਨੇਡਾ ਬਹੁਤ ਸੁਚੇਤ ਸੀ ਕਿ ਇੱਥੇ ਵਸਣ ਲਈ ਕੌਣ ਆਉਂਦਾ ਹੈ। ਕੈਨੇਡਾ ਅਤੇ ਦੁਨੀਆਂ ਦੇ ਹੋਰ ਬਹੁਤ ਦੇਸ਼ਾਂ ਵਿੱਚ ਸਿੱਖ ਆਪਣੀ ਦਸਤਾਰ ਅਤੇ ਦਾਹੜੀ ਕਾਰਨ ਦੂਰੋਂ ਹੀ ਨਜ਼ਰ ਆਉਂਦੇ ਹਨ। ਇਸ ਦਿੱਖ ਨੂੰ ਛਪਾਉਣ ਲਈ ਹਰ ਨਵਾਂ ਆਇਆ ਸਿੱਖ ਛੇਤੀਂ ਹੀ ਆਪਣੀ ਪਹਿਚਾਣ ਗਵਾ ਬਹਿੰਦਾ ਸੀ। ਆਮ ਲੋਕਾਂ ਵਾਂਗ ਗਿਆਨ ਸਿੰਘ ਨੇ ਵੀ ਆਪਣੀ ਵੱਖਰੀ ਦਿੱਖ ਅਤੇ ਦਸਤਾਰ ਨੂੰ ਤਿਲਾਂਜਲੀ ਦੇ ਦਿੱਤੀ, ਪਰ ਕੁਝ ਸਮਾਂ ਪਾਕੇ ਉਸ ਦੀ ਜ਼ਮੀਰ ਨੇ ਉਸ ਨੂੰ ਝੰਜੋੜਿਆ ਅਤੇ ਉਨ੍ਹਾਂ ਫਿਰ ਦੁਬਾਰਾ ਆਪਣੇ ਧਰਮ ਦੀ ਪਰਿਪੱਕਤਾ ਵੱਲ ਮੁਹਾਰ ਮੋੜੀ। ਹੋਰ ਚਣੌਤੀਆਂ ਬਹੁਤ ਵਿਆਪਕ ਹਨ। ਬਹੁਤ ਸਾਰੇ ਨਾਗਰਿਕ ਵਿਸ਼ਵਾਸ ਕਰਦੇ ਹਨ ਕਿ ਸਰਕਾਰਾਂ ਨੂੰ ਪ੍ਰੇਰਿਤ ਕਰਨ ਲਈ ਪ੍ਰਭਾਵੀ ਚਟਾਨ ਵਰਗੀਆਂ

---

1 *The ultimate measure of a man is not where he stands in moments of comfort and convenience, but where he stands at times of challenge and controversy.* *—Martin Luther King, Jr.*

ਵੱਡੀਆਂ ਸੰਸਥਾਵਾਂ ਹਨ। ਫਿਰ ਵੀ ਲੇਖਕ ਨੇ ਭਰੋਸੇਮੰਦ ਸਬੂਤ ਪੇਸ਼ ਕੀਤੇ ਹਨ ਕਿ ਸਾਡੇ ਭਾਈਚਾਰੇ ਵਿੱਚੋਂ ਕੁਝ ਅਦਾਕਾਰਾਂ ਦੀਆਂ ਵਿਨਾਸ਼ਕਾਰੀ ਸਰਗਰਮੀਆਂ ਨੇ ਕਾਫੀ ਹੱਦ ਤੱਕ ਕੈਨੇਡਾ ਦੀ ਜਮਹੂਰੀ ਸ਼ਾਸਨ ਪ੍ਰਣਾਲੀ, ਕਾਨੂੰਨ ਲਾਗੂ ਕਰਨ, ਨਿਆਂ ਅਤੇ ਮੀਡੀਏ ਨੂੰ ਪ੍ਰਭਾਵਿਤ ਕੀਤਾ।

ਇਨ੍ਹਾਂ ਵਿੱਚੋਂ ਅੰਤਰਰਾਜੀ ਭਾਰਤੀ ਉਪ-ਮਹਾਂਦੀਪ ਦੇ ਵਿਕਾਸ ਤੋਂ ਜਾਣੂ ਪਾਠਕ ਗਾਂਧੀ ਪਰਿਵਾਰ ਦੇ ਦਹਾਕਿਆਂ ਦੇ ਵੰਸ਼ਵਾਦੀ ਸ਼ਾਸਨਕਾਲ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣਗੇ ਪਰ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਕਰਕੇ ਹਜ਼ਾਰਾਂ ਨਿਰਦੋਸ਼ ਸ਼ਰਧਾਲੂਆਂ ਦਾ ਕਤਲੇਆਮ ਅਤੇ ਦਹਾਕਿਆਂ ਤੱਕ ਝੂਠੇ ਮੁਕਾਬਲੇ ਅਤੇ ਕਤਲੇਆਮ ਕਿਸ ਤਰ੍ਹਾਂ ਚੱਲਦਾ ਰਿਹਾ ਬਾਰੇ ਇਤਿਹਾਸਕ ਅਤੇ ਰਾਜਨੀਤਕ ਤੱਥਾਂ ਤੋਂ ਆਮ ਲੋਕ ਵਾਕਫ ਨਹੀਂ ਹੋਣਗੇ। ਲੇਖਕ ਨੇ ਦਿੱਲੀ ਵਿੱਚ ਸਿੱਖਾਂ ਦੀ ਨਸਲਕੁਸ਼ੀ ਦੇ ਇਤਿਹਾਸਕ ਸੰਦਰਭ ਨਾਲ ਸਬੰਧਿਤ, ਜੋ ਕੁਝ ਕੈਨੇਡਾ ਦੇ ਸਿੱਖਾਂ ਨਾਲ ਵਾਪਰਿਆ ਅਤੇ ਇਸ ਨੇ ਕੈਨੇਡਾ ਵਿੱਚ ਵਸਦੇ ਸਿੱਖਾਂ ਦੇ ਜੀਵਨ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ, ਉਸ ਦਾ ਮੁਆਇਨਾ ਕੀਤਾ ਹੈ। ਖਾਸ ਕਰਕੇ ਉਸ ਸਮੇਂ ਵੇਲੇ ਜਦੋਂ ਭਾਰਤੀ ਸਰਕਾਰ ਨੇ ਕੈਨੇਡਾ ਸਰਕਾਰ ਦੀ ਤਜਾਰਤੀ ਭੁੱਖ ਸਾਹਮਣੇ ਸੰਭਾਵੀ ਬਰਾਮਦਾਂ ਦੇ ਸੁੰਦਰ ਅਤੇ ਹਰੇ ਸਬਜ਼ ਬਾਗ ਵਿਖਾਉਣੇ ਸ਼ੁਰੂ ਕੀਤੇ ਹੋਏ ਸਨ।

ਇਸ ਕਿਤਾਬ ਵਿੱਚ ਸਭ ਤੋਂ ਮਹੱਤਵਪੂਰਨ ਮਾਮਲਾ 1985 ਦੇ ਏਅਰ ਇੰਡੀਆ ਦੀ ਉਡਾਣ 182 ਦੇ ਹਾਦਸੇ ਦੀ ਘੋਖ ਕੀਤੀ ਗਈ ਹੈ। ਇਸ ਦੁਖਾਂਤ ਵਿੱਚ 329 ਨਿਰਦੋਸ਼ ਮਾਰੇ ਗਏ ਸਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੈਨੇਡੀਅਨ ਸਨ। ਅਸਲੀ ਦੋਸ਼ੀਆਂ ਨੂੰ ਲੱਭਣ ਲਈ ਕੀ ਅਸੀਂ ਢੁਕਵੇਂ ਤਰੀਕੇ ਨਾਲ ਆਪਣੇ ਸਿਸਟਮ ਵਿਚਲੀਆਂ ਕਮਜ਼ੋਰੀਆਂ ਨੂੰ ਸੰਬੋਧਿਤ ਹੋਏ ਹਾਂ? ਕੀ ਅਸੀਂ ਭਵਿੱਖ ਵਿੱਚ ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਕਾਨੂੰਨੀ ਢਾਂਚੇ ’ਚ ਸੁਹਿਰਦ ਤਬਦੀਲੀਆਂ ਕੀਤੀਆਂ ਹਨ? ਇਸ ਕਿਤਾਬ ਵਿੱਚ ਮੌਜੂਦ ਖੁਲਾਸਿਆਂ ਦੀ ਪੜਤਾਲ ਕਰਨ ਤੋਂ ਬਾਅਦ, ਪਾਠਕ ਇਸ ਦਾ ਫੈਸਲਾ ਆਪ ਕਰ ਸਕਦੇ ਹਨ। ਇਹ ਕਿਤਾਬ ਸਾਨੂੰ ਜਾਗਰੂਕ ਕਰਦੀ ਹੈ ਕਿ ਵਿਦੇਸ਼ੀ ਸਰਕਾਰਾਂ ਕਿਸ ਤਰ੍ਹਾਂ ਬਗੈਰ ਕਿਸੇ ਸ਼ੱਕ ਤੋਂ ਸਾਡੇ ਮੀਡੀਆ ਵਿੱਚ ਆਪਣੇ ਅਤਿਆਚਾਰੀ ਵਤੀਰੇ ਨੂੰ ਸਹੀ ਠਹਿਰਾਉਣ ਲਈ ਖਬਰਾਂ ਨਾਲ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਸਾਡੇ ਸਿਆਸੀ ਨੇਤਾ ਵਿਦੇਸ਼ੀ ਖੁਫੀਆ ਏਜੰਸੀਆਂ ਦੀਆਂ ਵਿਨਾਸ਼ਕਾਰੀ ਸਰਗਰਮੀਆਂ ਨੂੰ ਅੱਖੋਂ-ਪਰੋਖੇ ਕਰਦੇ ਹੋਏ ਕਿੰਨੀ ਆਸਾਨੀ ਨਾਲ ਸਾਡੇ ਭਾਈਚਾਰੇ ਦੇ ਨੇਤਾਵਾਂ ਨੂੰ ਤੰਗ ਕਰਨ ਅਤੇ ਦੋਸ਼ੀ ਠਹਿਰਾਉਣ ਲਈ ਤੱਤਪਰ ਸਨ। ਫਿਰ ਵੀ ਇਸ ਨਾਲ ਸਾਨੂੰ ਆਸ ਬੱਝਦੀ ਹੈ ਕਿ ਜਿੱਥੇ ਇਹ ਕਿਤਾਬ ਘੱਟ ਗਿਣਤੀ ਭਾਈਚਾਰਿਆਂ ਦੇ

ਆਗੂਆਂ ਨੂੰ ਉਨ੍ਹਾਂ ਦੇ ਸੰਭਾਵੀਂ ਖਤਰਿਆਂ ਪ੍ਰਤੀ ਚੇਤਾਵਨੀ ਦਿੰਦੀ ਹੈ, ਉਸ ਦੇ ਨਾਲ-ਨਾਲ ਇਹ ਇੱਕ ਮਾਰਗ ਦਰਸ਼ਕ ਵੀ ਹਨ ਜੋ ਉਨ੍ਹਾਂ ਨੂੰ ਸਮਰੱਥ ਬਣਾ ਸਕਦੀ ਹੈ ਅਤੇ ਉਹ ਆਪਣੇ ਗੁੰਮ ਹੋਏ ਹੱਕ ਮੁੜ੍ਹ ਪ੍ਰਾਪਤ ਕਰਕੇ ਅੱਗੇ ਵੱਧ ਸਕਦੇ ਹਨ। ਲੇਖਕ ਦੇ ਸੰਦੇਸ਼ ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਸੰਦੇਸ਼ ਵਧੇਰੇ ਵਿਆਪਕ ਹੈ ਕਿ ਜੇ ਇਹ ਕਾਮਯਾਬੀ ਸਿੱਖ ਪ੍ਰਾਪਤ ਕਰ ਸਕਦੇ ਹਨ ਤਾਂ ਅਸੀਂ ਸਾਰੇ ਕਰ ਸਕਦੇ ਹਾਂ।

*ਡੇਵਿਡ ਕਿਲਗੌਰ ਪੀ ਸੀ*

*ਇੱਕ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ, ਵਕੀਲ ਅਤੇ ਲੇਖਕ ਹਨ ਅਤੇ ਕੈਨੇਡਾ ਸਰਕਾਰ ਵਿੱਚ ਡਿਪਟੀ ਸਪੀਕਰ ਅਤੇ ਕੈਬਨਿਟ ਮੰਤਰੀ ਰਹਿ ਚੁਕੇ ਹਨ। ਉਨ੍ਹਾਂ ਨੂੰ ਅਤੇ ਡੇਵਿਡ ਮੈਟਸ ਨੂੰ 2010 ਵਿੱਚ ਚੀਨ ਵਿੱਚ ਮਨੁੱਖੀ ਅੰਗ ਤਸਕਰੀ ਦਾ ਵਿਰੋਧ ਕਰਨ ਲਈ ਨੋਬਲ ਸ਼ਾਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਸੀ।*

# ਤਤਕਰਾ

**ਪ੍ਰਸਤਾਵਨਾ** **iv**
**ਦੋ ਸ਼ਬਦ** **vi**
**ਮੁਖਬੰਦ** **ix**
**ਇਤਿਹਾਸਕ ਘਟਨਾਵਾਂ** **xv**
**ਅਰੰਭਿਕਾ** **xviii**

**ਪਹਿਲਾ ਭਾਗ – ਭਿਆਨਕ ਸਾਲ** (ਜੂਨ 1984 – ਜੂਨ 1985)

**1. ਕੁਝ ਅਣਸੁਖਾਵਾਂ ਵਾਪਰਨ ਦੀ ਸੰਭਾਵਨਾ** **3**
1.1 ਇੱਕ ਰਾਸ਼ਟਰ ਦੀ ਵੰਡ 6
1.2 ਸ਼ਹੀਦੀ ਖੂਹ 8
1.3 ਅਲੌਕਿਕ ਖੁਲਾਸਾ ਅਤੇ ਇਨਕਲਾਬ 11
1.4 ਨਾ-ਮਿਲਵਰਤਨ ਦਾ ਇਤਿਹਾਸ 15
1.5 ਖੂਨ ਦੇ ਦਰਿਆ 18
1.6 ਖੋਖਲੇ ਵਾਅਦੇ 21

**2. ਸਾਕਾ ਨੀਲਾ ਤਾਰਾ** **26**
2.1 ਦੋ ਸੰਸਾਰਾਂ ਵਿੱਚ 30
2.2 ਰਾਹ ਦੀ ਤਲਾਸ਼ 33
2.3 ਹੌਲਾ ਬੰਦਾ 39
2.4 ਭਾਰਤੀ ਸਿਆਸਤ : ਗੁੰਝਲਦਾਰ ਸਾਜ਼ਿਸ਼ 44
2.5 ਮਹਾਂ ਨੀਚ ਕਰਮ 48

**3. ਵੱਡੇ ਰੁੱਖ ਦੇ ਡਿੱਗਣ ’ਤੇ** **53**
3.1 ਖਾਲਿਸਤਾਨ : ਇਤਿਹਾਸਕ ਨਜ਼ਰ 55
3.2 ਸਾਡਾ ਮਿਸ਼ਨ 57
3.3 ਸੰਤ ਭਿੰਡਰਾਂਵਾਲਿਆਂ ਦੀ ਤਲਾਸ਼ 61
3.4 ਮੈਡੀਸੱਨ ਸੁਕੇਅਰ ਗਾਰਡਨ 65

3.5 ਕਤਲੇਆਮ ਦੀ ਸ਼ੁਰੂਆਤ 68
3.6 ਕਾਲਾ ਕਾਰਨਾਮਾ 71

**4. ਇੱਕ ਜਨਮ ਅਨੇਕ ਮੌਤਾਂ 76**
4.1 ਜ਼ਿੰਦਾ ਸ਼ਹੀਦ 80
4.2 ਇਹ ਲੋੜੀਂਦਾ ਸੀ 83
4.3 ਇਕਸੁਰਤਾ ਦੀ ਅਵਾਜ਼ 89
4.4 ਮਨੁੱਖ ਜਾਤੀ ਦਾ ਕਾਲਾ ਦਿਨ 99

**ਦੂਜਾ ਭਾਗ – ਘੇਰੇਬੰਦੀ ਅਧੀਨ ਭਾਈਚਾਰਾ** (1985-1995)

**5. ਤੁਸੀਂ ਲੋਕਾਂ ਨੇ ਇਹ ਕੀਤਾ 103**
5.1 ਮੌਕੇ ਦੀ ਨਜ਼ਾਕਤ 104
5.2 ਰਵਾਇਤੀ ਸੋਚ 106
5.3 ਸਮੂਹਿਕ ਖੰਡਨ 108

**6. ਭਾਰਤ ਦੇ ਲੰਮੇ ਹੱਥ 115**
6.1 ਲੁੱਕਵਾਂ ਵਾਰ 120
6.2 ਸੱਚ ਦੀ ਘਾਟ 122
6.3 ਕਾਰੋਬਾਰ ਵਿੱਚ ਨੁਕਸਾਨ 127
6.4 ਗੁਰਦੁਆਰੇ ਵਿੱਚ ਸੂਹੀਆ 130
6.5 ਜ਼ਖਮੀ ਪਰ ਅਡੋਲ 135
6.6 ਇਤਫ਼ਾਕ ਹੀ ਇਤਫ਼ਾਕ 136
6.7 ਵੱਡੀ ਅਸਫਲਤਾ 139

**7. ਕੈਨੇਡਾ ਤੂੰ ਵੀ 146**
7.1 ਦਰਵਾਜ਼ੇ ’ਤੇ ਪੁਲਿਸ ਅਫ਼ਸਰ 148
7.2 ਅਣਥੱਕ ਕੋਸ਼ਿਸ਼ ਦੇ ਬਾਵਜੂਦ 153
7.3 ਜੋਇ ਕਲਾਰਕ ਦਾ ਵਤੀਰਾ ਅਤੇ ਭੈੜਾ ਦਿਨ 159

## ਤੀਜਾ ਭਾਗ – ਇੱਕ ਸਮਾਨਅੰਤਰ ਦਿਸ਼ਾ (1995-2017)


**8. ਦਸਤਾਰ : ਮਹੱਤਵਪੂਰਣ ਪਲ** **173**
8.1 ਸ਼ਬਦਾਂ ਦੀ ਜੰਗ 175
8.2 ਆਖਰ ਇੱਕ ਸਹੀ ਉਮੀਦਵਾਰ ਦਾ ਮਿਲ ਜਾਣਾ 180
8.3 ਇੱਕ ਦਖ਼ਲ 184
8.4 ਦੁਪਿਹਰ ਦਾ ਖਾਣਾ 189
8.5 ਅਸਹਿਜ ਸੰਤੁਲਨ 190

**9. ਵਕਾਲਤ ਦਾ ਵਿਸਥਾਰ** **193**
9.1 ਕਾਰੋਬਾਰੀ ਸਦਮਾ 195
9.2 ਮੁੜੇ ਪੈਰਾਂ 'ਤੇ 198
9.3 ਕ੍ਰਿਪਾਨ : ਵਿਸ਼ੇਸ਼ ਮੁੱਦਾ 201
9.4 ਸਾਂਝੇ ਮਾਮਲੇ 206
9.5 ਹਕੀਕੀ ਮੰਜ਼ਿਲ 214

**10. ਅੱਜ ਦਾ ਸਿੱਖ ਭਾਈਚਾਰਾ** **219**
10.1 ਹਉਮੈਂ ਤਿਆਗ ਸੇਵਾ 226
10.2 ਸਿੱਖ : ਵਰਤਮਾਨ ਦਸ਼ਾ 228
10.3 ਘਰ ਵਾਪਸੀ 235

**ਸ਼ੁਕਰਾਨੇ** **238**
**Bibliography and Further Reading** **242**

# ਇਤਿਹਾਸਕ ਘਟਨਾਵਾਂ

**1469** ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦਾ ਪੰਜਾਬ (ਪਾਕਿਸਤਾਨ) ਵਿੱਚ ਪ੍ਰਗਟ ਹੋਣਾ।

**1577** ਚੌਥੇ ਪਾਤਸ਼ਾਹ ਗੁਰੂ ਰਾਮਦਾਸ ਸਾਹਿਬ ਜੀ ਦਾ ਰਾਮਦਾਸਪੁਰ (ਬਾਅਦ 'ਚ ਅੰਮ੍ਰਿਤਸਰ) ਦੀ ਨੀਂਹ ਪੱਥਰ ਰੱਖਣਾ।

**1601** ਪੰਚਮ ਪਾਤਿਸ਼ਾਹ ਗੁਰੂ ਅਰਜਨ ਸਾਹਿਬ ਜੀ ਦਾ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਮੁਕੰਮਲ ਕਰਨਾ।

**1606** ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਦੀ ਨੀਂਹ ਰੱਖਣਾ।

**1675** ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹਿੰਦੂਆਂ ਦੀ ਧਾਰਮਿਕ ਅਜ਼ਾਦੀ ਲਈ ਦਿੱਲੀ ਵਿੱਚ ਬਲੀਦਾਨ ਦੇਣਾ।

**1699** ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਿਰਜਨਾ।

**1710** ਬੰਦਾ ਸਿੰਘ ਬਹਾਦਰ ਦਾ ਪਹਿਲਾ ਸਿੱਖ ਰਾਜ ਕਾਇਮ ਕਰਨਾ।

**1799** ਮਹਾਰਾਜਾ ਰਣਜੀਤ ਸਿੰਘ ਦਾ ਉੱਤਰੀ ਭਾਰਤ ਵਿੱਚ ਸਿੱਖ ਸਾਮਰਾਜ ਦੀ ਸਥਾਪਨਾ ਕਰਨਾ।

**1849** ਸਿੱਖ ਸਾਮਰਾਜ ਦਾ ਅੰਤ ਅਤੇ ਬ੍ਰਿਟਿਸ਼ ਰਾਜ ਵਿੱਚ ਸਮਾਉਣਾ।

**1897** ਕੈਪਟਨ ਕੇਸਰ ਸਿੰਘ ਪਹਿਲੇ ਸਿੱਖ ਦਾ ਕੈਨੇਡਾ ਆਉਣਾ।

**1906** ਕੈਨੇਡਾ 'ਚ ਵਸਦੇ ਸਿੱਖਾਂ ਦਾ ਪਹਿਲੀ ਸਿੱਖ ਸੰਸਥਾ 'ਖਾਲਸਾ ਦੀਵਾਨ ਸੁਸਾਇਟੀ' ਸਥਾਪਤ ਕਰਨਾ ਅਤੇ 1908 ਵਿੱਚ ਗੁਰਦੁਆਰਾ ਬਨਾਉਣਾ।

**1914** ਕਾਮਾਗਾਟਾ ਮਾਰੂ ਜਹਾਜ ਦਾ ਕੈਨੇਡਾ ਆਉਣਾ ਅਤੇ ਸਰਕਾਰ ਵੱਲੋਂ ਫੌਜੀ ਜ਼ੋਰ ਨਾਲ ਵਾਪਸ ਕਰਨਾ ਜਿਸ ਕਾਰਨ ਬਜਬਜ ਘਾਟ 'ਤੇ ਉੱਤਰਨ ਸਮੇਂ 19 ਸਿੱਖਾਂ ਦਾ ਕਤਲ।

**1919** ਜਲ੍ਹਿਆਂ ਵਾਲੇ ਬਾਗ ਦਾ ਸਾਕਾ।

**1942** ਸਿੱਖਾਂ ਵੱਲੋਂ ਬ੍ਰਿਟਿਸ਼ ਰਾਜ ਤੋਂ ਅਜ਼ਾਦ ਪੰਜਾਬ ਦੀ ਮੰਗ।

**1946** ਜਵਾਹਰ ਲਾਲ ਨਹਿਰੂ ਵੱਲੋਂ ਸਿੱਖਾਂ ਲਈ ਇੱਕ ਵੱਖਰੇ ਖਿੱਤੇ ਦਾ ਵਾਅਦਾ।

**1947** ਭਾਰਤ ਦੀ ਆਜ਼ਾਦੀ ਅਤੇ ਪਾਕਿਸਤਾਨ ਨਾਮ ਦਾ ਨਵਾਂ ਮੁਲਕ।

**1966** ਲੰਗੜਾ ਪੰਜਾਬੀ ਸੂਬਾ।

1973 ਅਨੰਦਪੁਰ ਸਾਹਿਬ ਦਾ ਮਤਾ।

1978 ਵਿਸਾਖੀ ਵਾਲੇ ਦਿਨ ਨਿਰੰਕਾਰੀ ਕਾਂਡ ਅਤੇ 13 ਗੁਰਸਿੱਖਾਂ ਦੀ ਸ਼ਹੀਦੀ।

1982 ਅਨੰਦਪੁਰ ਸਾਹਿਬ ਦੇ ਮਤੇ ਦੀ ਮੰਗ ਪੂਰੀ ਕਰਨ ਲਈ ਧਰਮ ਯੁੱਧ ਮੋਰਚੇ ਦੀ ਸ਼ੁਰੂਆਤ।

1984 ਦਰਬਾਰ ਸਾਹਿਬ ਦਾ ਘਿਨਾਉਣਾ ਸਾਕਾ।

1984 ਅੰਤਰਰਾਸ਼ਟਰੀ ਸਿੱਖਾਂ ਦਾ ਨਿਊਯਾਰਕ ਵਿੱਚ ਸੰਮੇਲਨ ਜਿੱਥੇ ਵਿਸ਼ਵ ਸਿੱਖ ਸੰਸਥਾ (ਵਰਲਡ ਸਿੱਖ ਆਰਗੇਨਾਈਜੇਸ਼ਨ) ਦੀ ਸਥਾਪਨਾ ਹੋਈ।

1984 ਨਵੰਬਰ ਦੇ ਪਹਿਲੇ ਦਿਨਾਂ ਵਿੱਚ ਦੋ ਸਿੱਖ ਬਾਡੀਗਾਰਡਾਂ ਦੁਆਰਾ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿੱਚ ਸਿੱਖ ਨਸਲਕੁਸ਼ੀ ਦਾ ਦੁਖਾਂਤ

1984 ਕੈਨੇਡਾ ਦੇ ਸਿੱਖਾਂ ਦਾ ਸੰਮੇਲਨ ਜਿਸ ਵਿੱਚ ਵਰਲਡ ਸਿੱਖ ਆਰਗੇਨਾਈਜੇਸ਼ਨ ਕੈਨੇਡਾ ਦੀ ਬਰਾਂਚ ਸਥਾਪਤ ਕੀਤੀ।

1985 ਅੰਤਰਰਾਸ਼ਟਰੀ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਸੰਵਿਧਾਨ ਦੀ ਪ੍ਰਵਾਨਗੀ ਲਈ ਲਾਸ ਐਂਜਲਿਸ (Los Angeles) ਅਮਰੀਕਾ ਵਿੱਚ ਮੀਟਿੰਗ।

1985 ਏਅਰ ਇੰਡੀਆ ਉਡਾਨ 182 ਦੀ ਬੰਬਾਰੀ ਘਟਨਾ।

1986 ਭਾਰਤੀ ਸੂਹੀਏ ਨੂੰ ਕੈਨੇਡਾ ਤੋਂ ਦੇਸ਼ ਨਿਕਾਲਾ।

1987 ਡਬਲਿਯੂ ਐਸ ਓ ਵੱਲੋਂ ਕੈਨੇਡਾ ਦੀ ਖੁਫੀਆ ਏਜੰਸੀ ਵੱਲੋਂ 156 ਟੇਪਾਂ ਮਿਟਾਉਣ ਦਾ ਪਤਾ ਲੱਗਣ ਬਾਅਦ ਪਬਲਿਕ ਇਨਕੁਆਰੀ ਦੀ ਮੰਗ।

1987 174 ਸਿੱਖ ਸ਼ਰਨਾਰਥੀਆਂ ਦਾ ਕੈਨੇਡਾ ਵਿੱਚ ਇੱਕ ਕਿਸ਼ਤੀ ਰਾਹੀਂ ਰਾਤ ਨੂੰ ਉੱਤਰਨਾ।

1992 ਕੈਨੇਡਾ ਪਾਰਲੀਮੈਂਟਰੀ ਕਮੇਟੀ ਦਾ ਭਾਰਤ ਵਿੱਚ ਪੜਤਾਲ ਲਈ ਜਾਣਾ।

1994 ਗਰਾਂਟ ਬਨਾਮ ਕੈਨੇਡਾ (ਅਟਾਰਨੇ ਜਨਰਲ) ਦੇ ਕੇਸ ਵਿੱਚ ਡਬਲਿਯੂ ਐਸ ਓ ਦੀ ਦਖਲਅੰਦਾਜ਼ੀ।

1995 ਜਸਵੰਤ ਸਿੰਘ ਖਾਲੜਾ ਦਾ ਕੈਨੇਡਾ ਪਾਰਲੀਮੈਂਟਰੀ ਡਿਨਰ ਵਿੱਚ ਲਾਪਤਾ ਸਿੱਖਾਂ ਬਾਰੇ ਖੁਲਾਸਾ।

**1995** 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਨੂੰ ਅਗਵਾਹ ਕਰਕੇ 27 ਅਕਤੂਬਰ ਨੂੰ ਸ਼ਹੀਦ ਕਰ ਦਿੱਤਾ।

**2004** ਡਬਲਿਯੂ ਐਸ ਓ ਦਾ ਸਿੰਡੀਕੇਟ ਬਨਾਮ ਐਮਸਲੇਮ, ਇੱਕ ਯਹੂਦੀ ਵਿਅਕਤੀ ਦੇ ਕੇਸ ਵਿੱਚ ਦਖਲਅੰਦਾਜ਼ੀ।

**2006** ਮੁਲਤਾਨੀ ਬਨਾਮ ਕਮਿਸ਼ਨ ਸਕੂਲੇਅਰ ਮਾਰਗਰਿਟ-ਬੋਰਜਿਉਸ {ਸਕੂਲ ਬੋਰਡ} ਦੇ ਕ੍ਰਿਪਾਨ ਪਹਿਨਣ ਸਬੰਧੀ ਕੇਸ ਵਿੱਚ ਡਬਲਿਯੂ ਐਸ ਓ ਦੀ ਸ਼ਿਰਕਤ।

**2006** ਏਅਰ ਇੰਡੀਆ 182 ਦੀ ਜਾਂਚ ਲਈ ਕਮਿਸ਼ਨ ਸਥਾਪਤ।

**2012** ਸਿੱਖ ਡੇਲੀਗੇਸ਼ਨ ਨੂੰ ਕਿਯੂਬੇਕ ਰਾਸ਼ਟਰ ਅਸੈਂਬਲੀ ਵਿੱਚ ਸੱਦਾ ਅਤੇ ਕ੍ਰਿਪਾਨ ਪਹਿਨ ਕੇ ਅੰਦਰ ਜਾਣ ’ਤੇ ਰੁਕਾਵਟ।

**2015** ਲੋਓਲਾ (Loyala) ਹਾਈ ਸਕੂਲ ਬਨਾਮ ਕਿਊਵੇਕ (ਅਟਾਰਨੇ ਜਨਰਲ) ਕੇਸ ਵਿੱਚ ਡਬਲਿਯੂ ਐਸ ਓ ਵੱਲੋਂ ਸੁਪਰੀਮ ਕੋਰਟ ਵਿੱਚ ਦਖਲਅੰਦਾਜ਼ੀ।

**2016** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਕਾਮਾਗਾਟਾ ਘਟਨਾ ਬਾਰੇ ਮੁਆਫ਼ੀ ਮੰਗੀ।

**2017** ਟਰਿੰਨਟੀ ਵਿਸਟਰਨ ਯੂਨੀਵਰਸਟੀ ਬਨਾਮ ਅਪਰ ਕੈਨੇਡਾ ਅਤੇ ਬੀਸੀ ਲਾਅ ਸੁਸਾਇਟੀਆਂ ਦੇ ਕੇਸ ਵਿੱਚ ਡਬਲਿਯੂ ਐਸ ਓ ਦਾ ਪੱਖ।

# ਅਰੰਭਿਕਾ

***"ਮੁੰਧੇ ਨੇਤਰ ਮੇਰੇ, ਖੁਲਿਆ ਹੈ ਆਤਮ ਦੁਆਰ,***
***ਸ਼ਾਂਤ ਚਿਰਾਂ ਪਿਛੋਂ, ਪਰਤਿਆਂ ਹਾਂ ਆਪਣੇ ਘਰ"***

ਅੱਜ ਮੈਂ ਸਿੱਖ ਧਰਮ ਦੇ ਸਦੀਆਂ ਪੁਰਾਤਨ ਪਵਿੱਤਰ ਸਥਾਨ ਦਰਬਾਰ ਸਾਹਿਬ ਜੋ ਆਮ ਤੌਰ 'ਤੇ ਹਰਿਮੰਦਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਦੀ ਸਿਖਰਲੀ ਮੰਜ਼ਿਲ 'ਤੇ ਖੜ੍ਹਾਂ ਹਾਂ। ਇਸ ਪਵਿੱਤਰ ਅਸਥਾਨ ਦਾ ਚਾਰੋਂ ਪਾਸੋਂ ਇਮਾਰਤਾਂ ਦੇ ਹੜ੍ਹ ਵਿੱਚ ਘਿਰੇ ਹੋਣ ਦੇ ਬਾਵਜੂਦ ਵੀ ਤੁਸੀਂ ਆਪਣੇ ਆਪ ਨੂੰ ਇਕਾਂਤ ਵਿੱਚ ਮਹਿਸੂਸ ਕਰ ਸਕਦੇ ਹੋ। ਇਹ ਉਪਰਲੀ ਮੰਜ਼ਿਲ ਅੱਜ ਦੇ ਸ਼ਰਧਾਵਾਨ ਸੈਲਾਨੀਆਂ ਨਾਲ ਖਚਾਖਚ ਭਰੀ ਹੋਈ ਹੈ। ਹਰ ਇੱਕ ਵਿਅਕਤੀ ਇਸ ਭੀੜ 'ਚੋਂ ਸ਼ਾਂਤੀ ਦਾ ਅਨੰਦ ਮਾਣਨ ਅਤੇ ਬਗੈਰ ਕਿਸੇ ਰੁਕਾਵਟ ਤੋਂ ਆਲੇ-ਦੁਆਲੇ ਦਾ ਨਜ਼ਾਰਾ ਦੇਖਣ ਦੀ ਭਾਲ ਵਿੱਚ ਹੈ। ਕੀਰਤਨ ਦੀ ਮਿੱਠੀ ਧੁਨ ਸੁਣਾਈ ਦੇ ਰਹੀ ਹੈ। ਮੇਰੇ ਨਾਲ ਵੱਡੀ ਬੇਟੀ ਕਮਲਜੀਤ ਕੌਰ ਖੜ੍ਹੀ ਹੈ। ਅਸੀਂ ਆਲੇ-ਦੁਆਲੇ ਦੇ ਦ੍ਰਿਸ਼ ਦੀ ਪ੍ਰਸੰਸ਼ਾ ਅਤੇ ਗੁਰੂ ਦੇ ਕ੍ਰਿਸ਼ਮੇ ਦੀ ਉਸਤਤ ਵਿੱਚ ਰੁੱਝੇ ਹੋਏ ਹਾਂ। ਹਰਿਮੰਦਰ ਸਾਹਿਬ ਵਿੱਚ ਤਸਵੀਰਾਂ ਖਿੱਚਣ 'ਤੇ ਮਨਾਹੀ ਹੈ। ਇਸ ਪਵਿੱਤਰ ਅਸਥਾਨ ਦੀ ਡੂੰਘੀ ਸੁੰਦਰਤਾ ਤੋਂ ਬਹੁਤ ਪ੍ਰਭਾਵਿਤ ਹੋਏ ਅਸੀਂ ਬੋਲ ਵੀ ਨਹੀਂ ਰਹੇ।

ਦਰਬਾਰ ਸਾਹਿਬ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ ਜਿਸ ਦੀ ਤੁਲਨਾ ਕਿਸੇ ਹੋਰ ਸਥਾਨ ਨਾਲ ਨਹੀਂ ਕੀਤੀ ਜਾ ਸਕਦੀ। 13 ਜਨਵਰੀ 1588 ਦੇ ਸ਼ੁਭ ਦਿਹਾੜੇ ਗੁਰੂ ਨਾਨਕ ਸਾਹਿਬ ਜੀ ਦੀ ਪੰਜਵੀਂ ਜੋਤਿ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਰੱਖ ਕੇ ਸਿੱਖ ਧਰਮ ਦੀ ਰੂਹਾਨੀ ਤਾਕਤ ਨੂੰ ਕੇਂਦਰਿਤ ਕਰਨ ਦਾ ਬੀੜ੍ਹਾ ਚੁੱਕਿਆ ਸੀ। 1601 ਈਸਵੀ ਵਿੱਚ ਤਿਆਰ ਕੀਤਾ ਗਿਆ ਇਹ ਸ੍ਰੀ ਦਰਬਾਰ ਸਾਹਿਬ ਸਿੱਖਾਂ ਲਈ ਇਸ ਧਰਤੀ ਉੱਪਰ ਸ਼ਾਂਤੀ ਅਤੇ ਅਧਿਆਮਕਤਾ ਦਾ ਸੋਮਾ ਹੈ। ਤਕਰੀਬਨ ਦੋ ਟਨ ਸੋਨੇ ਵਿੱਚ ਮੜ੍ਹਿਆ ਇਹ ਪਵਿੱਤਰ ਅਸਥਾਨ ਅਲੀਸ਼ਾਨ ਆਇਤਾਕਾਰ ਪਵਿੱਤਰ ਸਰੋਵਰ ਦੇ ਵਿਚਕਾਰ ਸਸ਼ੋਭਿਤ ਹੈ। ਇਹ ਪਵਿੱਤਰ ਸਰੋਵਰ 1577 ਈਸਵੀ ਵਿੱਚ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਖੁਦਵਾਇਆ ਸੀ। ਹਰਿਮੰਦਰ ਸਾਹਿਬ ਵਿੱਚ ਨਤਮਸਤਕ ਹੋਣ ਲਈ ਦਰਸ਼ਨੀ ਡਿਉੜੀ ਤੋਂ ਇੱਕ ਪੁਲ ਰਾਂਹੀ ਜਾਣਾ ਪੈਂਦਾ ਹੈ।

ਪੰਜਾਬ ਵਿੱਚ ਅੱਗ ਵਾਂਗ ਤਪਦੇ ਸੂਰਜ ਦੀ ਗਰਮੀ ਸਾਡੇ ਉਤੇ ਬੇਰਹਿਮੀ ਨਾਲ ਪੈ ਰਹੀ ਹੈ। ਤਪਦੇ ਸੰਗਮਰਮਰ ਦੇ ਪੱਥਰ ਪੈਰਾਂ ਨੂੰ ਸਾੜ ਰਹੇ ਹਨ। ਮੈਂ ਇੱਕ ਡੂੰਘਾ ਸਾਹ ਲੈਂਦਾ ਹਾਂ, ਹੌਲੀ ਹੌਲੀ ਲੰਬੇ ਸਾਹ ਲੈਂਦਾ ਹਾਂ ਅਤੇ ਫਿਰ ਦੁਹਰਾਉਂਦਾ ਹਾਂ। ਇਸ ਇਕਾਂਤ ਜਗ੍ਹਾ ਤੋਂ, ਮੈਂ ਆਪਣੇ ਇਤਿਹਾਸ ਵਿਚਲੀਆਂ ਕੁਝ ਮਹੱਤਵਪੂਰਨ ਸਿਰਜਣਾਵਾਂ ਨੂੰ ਆਤਮਸਾਤ ਕਰ ਰਿਹਾ ਹਾਂ। ਮੇਰੇ ਸੱਜੇ ਪਾਸੇ ਸਿੱਖ ਰੈਫਰੈਂਸ ਲਾਇਬ੍ਰੇਰੀ ਹੈ ਜੋ 1984 ਦੇ ਹਮਲੇ ਦੌਰਾਨ ਭਾਰਤੀ ਫ਼ੌਜ ਨੇ ਸਾੜ ਦਿੱਤੀ ਅਤੇ ਬਹੁਤਾ ਸਾਰਾ ਸਿੱਖ ਇਤਿਹਾਸ ਜਾਂ ਤਾਂ ਸਾੜ ਦਿੱਤਾ ਗਿਆ ਜਾਂ ਸਰਕਾਰ ਲੁੱਟ ਕੇ ਲੈ ਗਈ। ਮੇਰੇ ਖੱਬੇ ਪਾਸੇ ਸੈਂਟ੍ਰਲ ਸਿੱਖ ਮਿਊਜ਼ੀਅਮ ਹੈ, ਜਿਸ ਦੇ ਗੁੰਬਦ ਵਿਚੋਂ ਰੋਸ਼ਨੀ ਛਣਕ ਕੇ ਆ ਰਹੀ ਹੈ। ਅਦਭੁਤ ਸੁੰਦਰਤਾ! ਕੰਪਲੈਕਸ ਤੋਂ ਪਰੇ ਯਾਤਰੂਆਂ ਦੀ ਰਿਹਾਇਸ਼ ਲਈ ਸਰਾਂ ਹੈ। 1960 ਵਿੱਚ ਜਦ ਮੈਂ ਏਅਰ ਫੋਰਸ ਵਿੱਚ ਭਰਤੀ ਹੋਣ ਲਈ ਇਮਤਿਹਾਨ ਦੇਣ ਆਇਆ ਤਾਂ ਇਸ ਸਰਾਂ ਵਿੱਚ 10 ਦਿਨ ਲਈ ਠਹਿਰਿਆ ਸੀ।

ਅੰਮ੍ਰਿਤਸਰ ਪੰਜਾਬ ਦੇ ਸੂਬੇ ਦਾ ਪ੍ਰਮੁੱਖ ਸ਼ਹਿਰ ਹੈ। ਇਸ ਦਾ ਨਾਂ ਪਹਿਲਾ ਗੁਰੂ ਕਾ ਚੱਕ, ਫਿਰ ਚੱਕ ਰਾਮਦਾਸ ਅਤੇ ਬਾਅਦ ਵਿੱਚ ਅੰਮ੍ਰਿਤਸਰ ਰੱਖਿਆ ਗਿਆ। 1577 ਈਸਵੀ ਵਿੱਚ ਗੁਰੂ ਰਾਮ ਦਾਸ ਸਾਹਿਬ ਜੀ ਨੇ ਇਹ ਥਾਂ ਖਰੀਦ ਕੇ ਪਹਿਲਾ ਘਰ ਉਸਾਰਿਆ ਸੀ। ਮੁੱਢ ਤੋਂ ਹੀ ਅੰਮ੍ਰਿਤਸਰ ਸ਼ਹਿਰ ਪਰਿਵਰਤਨਸ਼ੀਲ ਰਿਹਾ ਹੈ। ਅੱਜ ਅੰਮ੍ਰਿਤਸਰ ਸ਼ਹਿਰ ਦੀ ਸਵੱਛ ਹਵਾ ਧੂੜ ਨਾਲ ਭਰੀ ਹੋਈ ਹੈ ਪਰ ਜੋ ਸਾਹ ਮੈਂ ਦਰਬਾਰ ਸਾਹਿਬ ਵਿੱਚ ਲੈ ਰਿਹਾ ਹਾਂ ਉਹ ਧੂੜ ਨਾਲ ਨਹੀਂ ਸਗੋਂ ਯਾਦਾਂ ਨਾਲ ਭਾਰੀ ਹਨ।

ਜਿੱਥੇ ਮੈਂ ਖੜ੍ਹਾ ਹਾਂ, ਮੈਨੂੰ ਵਰਤਮਾਨ ਦੇ ਨਾਲ-ਨਾਲ ਭੂਤਕਾਲ ਦੀਆਂ ਯਾਦਾਂ ਵੀ ਆ ਰਹੀਆਂ ਹਨ। 1978 ਵਿੱਚ ਮੈਂ ਵੀ ਆਮ ਸ਼ਰਧਾਲੂਆਂ ਵਾਂਗ ਇੱਕ ਸ਼ਰਧਾਲੂ-ਯਾਤਰੀ ਦੇ ਤੌਰ ’ਤੇ ਆਇਆ ਸੀ। ਉਸ ਸਮੇਂ ਮੇਰੇ ਵਾਲ ਕਾਲੇ ਸਨ ਅਤੇ ਮੈਂ ਸਿੱਖੀ ਪਹਿਰਾਵੇ ਅਤੇ ਦਸਤਾਰ ਨੂੰ ਤਿਲਾਂਜਲੀ ਦੇ ਚੁੱਕਾ ਸੀ। ਉਮਰ ਨਾਲੋਂ ਕੁਝ ਭਾਰ ਵੀ ਵਧਿਆ ਹੋਇਆ ਹੈ। ਹੁਣ ਮੇਰਾ ਲੰਬਾ ਪ੍ਰਕਾਸ਼ ਦਾੜ੍ਹਾ ਵੀ ਸਫੇਦ ਹੈ ਅਤੇ ਪੀਲੀ ਕੇਸਕੀ ਉੱਪਰ ਨੀਲੀ ਦਸਤਾਰ ਦਾ ਆਪਣਾ ਵੱਖਰਾ ਹੀ ਪ੍ਰਭਾਵ ਹੈ। ਦਸ ਸਾਲ ਮੈਂ ਸਿੱਖੀ ਦੇ ਅਨਿਖੜਵੇਂ ਅੰਗ ਕੇਸ ਅਤੇ ਦਸਤਾਰ ਨੂੰ ਤਿਲਾਂਜਲੀ ਦੇ ਕੇ ਭਟਕਣ ਬਾਅਦ ਅੱਜ ਗੁਰੂ ਦੀ ਕ੍ਰਿਪਾ ਨਾਲ ਅੰਮ੍ਰਿਤਧਾਰੀ ਹਾਂ। ਆਮ ਦਰਸ਼ਕ ਲਈ ਸਭ ਤੋਂ ਵੱਡਾ ਬਦਲਾਅ ਅਦਿੱਖ ਹੁੰਦਾ ਹੈ। ਮੈਂ ਅੱਜ ਇੱਕ ਬਦਲਿਆ ਹੋਇਆ ਵਿਅਕਤੀ ਹਾਂ, ਜੋ ਧਾਰਮਿਕ ਅਕੀਦੇ ਕਾਰਨ ਹੈ। ਅੱਜ ਤੋਂ ਤਿੰਨ ਦਹਾਕੇ ਪਹਿਲਾਂ ਵਾਪਰੀਆਂ ਘਟਨਾਵਾਂ ਨੇ ਮੈਨੂੰ ਬਦਲ ਦਿੱਤਾ ਸੀ। ਮੇਰਾ ਰੂਹਾਨੀ ਅਤੇ ਸਿਆਸੀ ਜਨਮ ਇਸ ਜਗ੍ਹਾ ਨਾਲ ਸਬੰਧਿਤ ਹੈ।

ਉੱਤਰ-ਪੱਛਮ ਵੱਲ ਅਕਾਲ ਤਖ਼ਤ ਵਿਖਾਈ ਦੇ ਰਿਹਾ ਹੈ, ਮੀਰੀ ਅਤੇ ਪੀਰੀ ਦਾ ਇਹ ਕੇਂਦਰ ਜਿੱਥੇ ਧਾਰਮਿਕ ਅਤੇ ਸਮਾਜਿਕ ਫੈਸਲੇ ਹੁੰਦੇ ਹਨ, ਅੱਜ ਪਹਿਲਾਂ ਵਰਗਾ ਹੀ ਦਿਖਾਈ ਦੇ ਰਿਹਾ ਹੈ। ਜੂਨ 1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਭਾਰਤੀ ਫੌਜਾਂ ਵੱਲੋਂ ਅਕਾਲ ਤਖ਼ਤ ਢਹਿ-ਢੇਰੀ ਕਰ ਦਿੱਤਾ ਗਿਆ ਸੀ। ਭਾਰਤੀ ਸਰਕਾਰ ਨੇ ਆਪਣੀ ਕਾਲੀ ਕਰਤੂਤ ਨੂੰ ਇੱਕ ਦਮ ਛੁਪਾਉਣ ਲਈ ਹਮਲੇ ਤੋਂ ਤੁਰੰਤ ਬਾਅਦ ਆਪਣੇ ਏਜੰਟ ਬੁੱਢ੍ਹਾ ਦਲ ਦੇ ਮੁਖੀ ਸੰਤਾ ਸਿੰਘ ਤੋਂ ਅਕਾਲ ਤਖ਼ਤ ਸਾਹਿਬ ਦੀ ਮੁੜ-ਉਸਾਰੀ ਕਰਵਾਈ, ਜੋ ਸਿੱਖ ਪੰਥ ਨੂੰ ਮਨਜ਼ੂਰ ਨਹੀਂ ਸੀ। ਸਿੱਖਾਂ ਨੇ ਇਸ ਸਰਕਾਰੀ ਕਾਰਕੁਨਾਂ ਦੇ ਗੰਦੇ ਹੱਥਾਂ ਨਾਲ ਤਿਆਰ ਕੀਤੇ ਅਕਾਲ ਤਖ਼ਤ ਨੂੰ ਢਾਹ ਕੇ ਸੰਗਤ ਦੇ ਸਹਿਯੋਗ ਸਦਕਾ ਇਸ ਦੀ ਪੁਨਰ-ਉਸਾਰੀ ਕੀਤੀ।

ਭਾਰਤ ਸਰਕਾਰ ਦੇ ਹਮਲੇ ਦਾ ਕਾਰਨ ਸਮਝਣਾ ਔਖਾ ਨਹੀਂ ਹੈ। ਜੂਨ 1984 ਵਿੱਚ ਚਾਰ ਦਿਨ ਦੇ ਫੌਜੀ ਹਮਲੇ ਦੌਰਾਨ ਅਕਾਲ ਤਖ਼ਤ ਨੂੰ ਬੰਬਾਂ ਨਾਲ ਮਲਬੇ ਦਾ ਢੇਰ ਬਣਾ ਦਿੱਤਾ ਗਿਆ। ਇਸ ਦਿਨ ਹਜ਼ਾਰਾਂ ਬੱਚੇ, ਬੀਬੀਆਂ ਅਤੇ ਬਜ਼ੁਰਗ ਸ਼ਰਧਾਲੂ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਦੀ ਯਾਦ ਵਿੱਚ ਜੁੜੇ, ਗੁਰੂ ਦੀ ਰਹਿਮਤ ਲੈਣ ਆਏ, ਗੋਲੀਆਂ ਦਾ ਸ਼ਿਕਾਰ ਹੋਏ ਸਨ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋ ਕਥਿਤ "ਅੱਤਵਾਦੀਆਂ" ਦੇ ਇੱਕ ਸਮੂਹ ਨੂੰ ਖਤਮ ਕਰਨ ਦਾ ਬਹਾਨਾ ਬਣਾ ਹਮਲਾ ਕਰਕੇ ਜਾਇਜ਼ ਠਹਿਰਾਉਣਾ ਇੱਕ ਗਿਣੀ ਮਿਥੀ ਯੋਜਨਾ ਸੀ। ਇਸ ਤ੍ਰਾਸਦੀ ਤੋਂ ਬਾਅਦ ਮੌਤਾਂ ਦਾ ਅੰਦਾਜ਼ਾ ਫੋਟੋਆਂ ਜਾਂ ਹਜ਼ਾਰਾਂ ਜੁੱਤੀਆਂ ਦੇ ਢੇਰਾਂ ਤੋਂ ਲਾਇਆ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਵਕੀਲ ਸਰਦਾਰ ਖਹਿਰਾ ਨੇ ਸਾਨੂੰ ਕੈਨੇਡਾ ਵਿੱਚ ਆ ਕੇ ਦੱਸਿਆ ਸੀ ਕਿ ਜੋੜਿਆਂ ਦੀ ਗਿਣਤੀ 8000 ਤੋਂ ਉੱਪਰ ਸੀ।

ਦਰਬਾਰ ਸਾਹਿਬ ਵਿੱਚ ਵਰਦੇ ਬੰਬਾਂ ਅਤੇ ਗੋਲੀਆਂ ਦੇ ਮੀਂਹ ਨੇ ਪੰਜਾਬ ਵਿੱਚ ਹੀ ਨਹੀਂ ਸਗੋਂ ਪਰਵਾਸੀ ਸਿੱਖਾਂ ਦੇ ਹਿਰਦੇ ਵਿੱਚ ਵੀ ਭਾਂਬੜ ਮਚਾ ਦਿੱਤਾ, ਜਿਸ ਦਾ ਮੈਂ ਵੀ ਹਿੱਸਾ ਬਣ ਚੁੱਕਾ ਸੀ। ਸਾਡੇ ਪਵਿੱਤਰ ਧਾਰਮਿਕ ਅਸਥਾਨ ’ਤੇ ਹਮਲੇ ਨੇ ਸਾਨੂੰ ਸੁੰਨ ਕਰ ਦਿੱਤਾ, ਸਾਨੂੰ ਹੈਰਾਨ ਕਰ ਦਿੱਤਾ, ਸਾਨੂੰ ਸਤਾਇਆ, ਗੱਲ ਕੀ ਸਾਡੇ ਹਿਰਦੇ ਵਲੂੰਧਰੇ ਗਏ। ਨਤੀਜੇ ਵਜੋਂ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ ਹਿੰਸਕ ਘਟਨਾਵਾਂ ਵਿੱਚ ਵਾਧਾ ਹੋਇਆ ਅਤੇ ਹਜ਼ਾਰਾਂ ਨੌਜਵਾਨ ਬੱਚੇ-ਬੱਚੀਆਂ ਸ਼ਹੀਦ ਹੋਏ। ਇਨ੍ਹਾਂ ਘਟਨਾਵਾਂ ਨੇ ਸਾਨੂੰ ਕੈਨੇਡਾ ਵਿੱਚ ਵੀ ਨਾ ਬਖਸ਼ਿਆ।

ਦਰਬਾਰ ਸਾਹਿਬ ਕਾਂਡ ਤੋਂ ਸਾਲ ਬਾਅਦ ਜੂਨ 1985 ਵਿੱਚ ਦੋ ਹਵਾਈ ਜਹਾਜ਼ਾਂ ਦੇ ਸਮਾਨ ਵਿੱਚ ਛੁਪੇ ਹੋਏ ਦੋ ਵੱਖੋ-ਵੱਖਰੇ ਬੰਬਾਂ ਨੇ ਘੰਟਿਆਂ ਵਿੱਚ ਹੀ 331 ਨਿਰਦੋਸ਼

ਜਾਨਾਂ ਲੈ ਲਈਆਂ। ਤਫਤੀਸ਼ ਕਰਨ ਤੇ ਦੋਵੇਂ ਹੀ ਬੰਬ ਵੈਨਕੂਵਰ ਹਵਾਈ ਅੱਡੇ ਤੋਂ ਸੂਟਕੇਸਾਂ ਵਿੱਚ ਰੱਖੇ ਸਾਬਤ ਹੋਏ। ਅਣਆਈ ਮੌਤ ਦੇ ਸ਼ਿਕਾਰ ਜ਼ਿਆਦਾਤਰ ਦੱਖਣੀ ਏਸ਼ੀਆਈ ਮੂਲ ਦੇ ਕੈਨੇਡੀਅਨ ਸਨ। ਇਸ ਦਾ ਦੋਸ਼ ਸਿੱਧਾ ਕੈਨੇਡਾ ਵਿੱਚ ਵਸਦੇ ਸਿੱਖ ਭਾਈਚਾਰੇ ਦੇ ਸਿਰ ਲਾਇਆ ਜਾਏਗਾ, ਇਸ ਦਾ ਅੰਦਾਜ਼ਾ ਸਾਨੂੰ ਨਹੀਂ ਸੀ। ਮੇਰਾ ਪੂਰਾ ਭਾਈਚਾਰਾ ਸ਼ੱਕ ਦੀ ਲਪੇਟ ਵਿੱਚ ਲੈ ਲਿਆ ਗਿਆ? ਸਾਕਾ ਦਰਬਾਰ ਸਾਹਿਬ, ਦਿੱਲੀ ਦੀ ਨਸਲਕੁਸ਼ੀ ਅਤੇ ਏਅਰ ਇੰਡੀਆ 182 ਬੰਬ ਕਾਂਡ ਦੁਰਘਟਨਾਵਾਂ ਨੇ ਸਿੱਖਾਂ ਲਈ ਇੱਕ ਨਵੇਂ ਦੌਰ ਦੀ ਸ਼ੁਰੂਆਤ ਕੀਤੀ, ਖਾਸ ਕਰਕੇ ਉਸ ਦੇਸ਼ ਵਿੱਚ ਜਿਸ ਨੂੰ ਮੈਂ ਆਪਣਾ ਬਣਾ ਲਿਆ ਸੀ।

## ਪੁਨਰ ਜਨਮ

ਸਾਡੀਆਂ ਜੜ੍ਹਾਂ ਕੈਨੇਡਾ ਵਿੱਚ ਕਾਫੀ ਡੂੰਘੀਆਂ ਹਨ, ਖਾਸ ਕਰਕੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ, ਕਿਉਂਕਿ ਵੈਨਕੂਵਰ ਭਾਰਤੀ ਉਪ-ਮਹਾਂਦੀਪ ਤੋਂ ਨਵੀਂ ਦੁਨੀਆਂ ਤੱਕ ਯਾਤਰਾ ਲਈ ਸਮੁੰਦਰੀ ਜਹਾਜ਼ਾਂ ਦੀ ਸਭ ਤੋਂ ਨੇੜਲੀ ਬੰਦਰਗਾਹ ਹੈ। ਰੁਜ਼ਗਾਰ ਦੀ ਭਾਲ ’ਚ ਸਿੱਖਾਂ ਨੇ 1900ਵਿਆਂ ਦੇ ਅਰੰਭ ਵਿੱਚ ਕੈਨੇਡਾ ਆਉਣਾ ਸ਼ੁਰੂ ਕੀਤਾ। ਦੱਖਣ-ਪੂਰਬੀ ਏਸ਼ੀਆ ਦੇ ਦੂਜੇ ਕਾਮਿਆਂ ਦੇ ਨਾਲ ਰਲ ਕੇ ਕੰਮ ਕਰਨ ਦਾ ਇਹ ਪਹਿਲਾ ਮੌਕਾ ਸੀ। ਕੈਨੇਡਾ ਦੇ ਪੱਛਮੀ ਸੂਬੇ ਨੂੰ ਸਿੱਖ, ਚੀਨੀ ਅਤੇ ਜਪਾਨੀ ਮਜ਼ਦੂਰਾਂ ਦੀ ਸਖ਼ਤ ਹੱਡ ਭੰਨਣੀ ਮਿਹਨਤ ਨਾਲ ਵੱਡੇ ਪੱਧਰ ’ਤੇ ਉਸਾਰਿਆ ਗਿਆ ਸੀ।

ਦੂਸਰੇ ਪਰਵਾਸੀਆਂ ਵਾਂਗ ਉਨ੍ਹਾਂ ਦਾ ਸਵਾਗਤ ਵੀ ਬਹੁਤਾ ਚੰਗਾ ਨਹੀਂ ਸੀ ਹੋਇਆ। ਜਿਵੇਂ ਚੀਨੀਆਂ ਦਾ “ਹੈਡ ਟੈਕਸ” ਲਾਕੇ ਅਪਮਾਨ ਕੀਤਾ ਗਇਆ[2] ਇਸੇ ਤਰ੍ਹਾਂ ਸਿੱਖਾਂ ਨੂੰ ਅਸਥਾਈ ਤੌਰ ’ਤੇ ਰਹਿਣ ਅਤੇ ਪੂਰੀ ਤਰ੍ਹਾਂ ਹਿੱਸਾ ਲੈਣ ’ਤੇ ਬੰਦਸ਼ਾਂ ਲਾਈਆਂ ਗਈਆਂ ਸਨ। ਉਨ੍ਹਾਂ ਨੂੰ ਅਸਲ ਵਿੱਚ ਆਪਣੀਆਂ ਪਤਨੀਆਂ ਲਿਆਉਣ ’ਤੇ ਵੀ ਮਨਾਹੀ ਸੀ। ਇੰਝ ਕਹਿ ਸਕਦੇ ਹਾਂ ਕਿ ਪਹਿਲਾਂ ਸਿੱਖ ਕੌਮ ਸ਼ਾਬਦਿਕ ਤੌਰ ’ਤੇ ਇੱਕ ਭਾਈਚਾਰਾ ਸੀ। ਆਖਰਕਾਰ, ਉਹ ਪੱਖਪਾਤ ਦੇ ਸਭ ਤੋਂ ਮਜ਼ਬੂਤ ਬੰਧਨ ਤੋੜ ਕੇ ਵਿਕਾਸਸ਼ੀਲ ਸਮਾਜ ਅੰਦਰ ਆਪਣੀ ਜਗ੍ਹਾ ਬਨਾਉਣ ਲੱਗੇ ਸਨ। ਬੀ.ਸੀ. ਵਿੱਚ ਬਹੁਤ ਸਾਰੇ ਸਿੱਖ ਲੱਕੜ ਦੇ ਕਾਰਖਾਨਿਆਂ ’ਚ ਜਾਂ ਓਕਨਾਗਨ ਵਾਦੀ (Oknagan Velley) ਦੇ ਬਾਗਾਂ ਵਿੱਚ ਕੰਮ ਕਰਨ ਲਈ ਨਿਕਲੇ। ਭਾਈਚਾਰਾ ਭਾਵੇਂ ਛੋਟਾ ਸੀ ਪਰ ਮਹੱਤਵਪੂਰਨ ਸੀ।

---

[2] ਇਕ ਚੀਨੀ ਮੂਲ ਦੇ ਵਿਅਕਤੀ ਨੂੰ ਕੈਨੇਡਾ ਦੀ ਧਰਤੀ ਤੇ ਪੈਰ ਰੱਖਣ ਲਈ $200 ਡਾਲਰ ਟੈਕਸ ਦੇਣਾ ਪੈਂਦਾ ਸੀ, ਜੋ ਤਕਰੀਬਨ ਇੱਕ ਸਾਲ ਦੀ ਤਨਖਾਹ ਬਣਦੀ ਸੀ।

1960ਵੇਂ ਦੇ ਅਖੀਰ ਵਿੱਚ ਕੈਨੇਡਾ ਦੇ ਇਮੀਗ੍ਰੇਸ਼ਨ ਕਾਨੂੰਨ ਵਿੱਚ ਬਦਲਾਵ ਕੀਤਾ ਗਇਆ, ਜਿਸ ਨਾਲ ਪੁਆਇੰਟ ਸਿਸਟਮ (point system) ਲਾਗੂ ਕੀਤਾ, ਜੋ ਪੜ੍ਹਾਈ ਅਤੇ ਕਾਰਜਕਾਰੀ ਗੁਣਾਂ ਤੇ ਅਧਾਰਤ ਸੀ। ਇਸ ਤਬਦੀਲੀ ਨਾਲ ਯੂਰਪ ਤੋਂ ਆਉਣ ਵਾਲੇ ਲੋਕਾਂ ਨੂੰ ਜ਼ਿਆਦਾ ਤਰਜੀਹ ਨਹੀਂ ਸੀ ਮਿਲਣੀ। ਹਰ ਇੱਕ ਲਈ ਕਾਨੂੰਨ ਬਰਾਬਰ ਸੀ। 1970 ਵਿੱਚ ਜਦ ਮੈਂ ਅਤੇ ਮੇਰੇ ਪਰਿਵਾਰ ਨੇ ਕੈਨੇਡਾ ਵਿੱਚ ਆਪਣਾ ਨਵਾਂ ਜੀਵਨ ਸ਼ੁਰੂ ਕੀਤਾ, ਤਦ ਹਜ਼ਾਰਾਂ ਸਿੱਖ ਇੱਕ ਨਵੀਂ ਅਤੇ ਬਿਹਤਰ ਜ਼ਿੰਦਗੀ ਦੀ ਤਲਾਸ਼ ਲਈ ਕੈਨੇਡਾ ਆਉਣ ਲੱਗ ਪਏ ਸਨ। ਪਹਿਲਾਂ ਪਹਿਲ ਸਾਨੂੰ ਅਜਨਬੀਆਂ ਦੀ ਤਰ੍ਹਾਂ ਉਤਸੁਕਤਾ ਤੇ ਅਸਚਰਜਤਾ ਨਾਲ ਦੇਖਿਆ ਜਾਂਦਾ ਸੀ। ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਜਿੱਥੇ ਦਸਤਾਰ ਅਤੇ ਦਾੜ੍ਹੀ ਵਾਲੇ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਪਰ 1970 ਅਤੇ 1980 ਦੇ ਦਹਾਕਿਆਂ ਦੌਰਾਨ ਭਾਰਤ ਦੇ ਵੱਧ ਤੋਂ ਵੱਧ ਲੋਕਾਂ ਨੇ ਕੈਨੇਡਾ ਨੂੰ ਆਪਣਾ ਘਰ ਬਣਾ ਲਿਆ ਸੀ।

ਮੈਂ ਆਪ ਨੂੰ ਪਹਿਲਾਂ ਹੀ ਦੱਸ ਆਇਆ ਹਾਂ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਮੇਰਾ ਸਿਆਸੀ ਤੌਰ ਤੇ ਜਨਮ ਹੋਇਆ। ਇਹ ਮੇਰਾ ਇੱਕੋ-ਇੱਕ ਪੁਨਰ ਜਨਮ ਨਹੀਂ ਸੀ। 1981 ਵਿੱਚ ਮੈਂ ਦੁਰਲੱਭ ਖੋਜ ਦੇ ਦਹਾਕੇ ਬਾਅਦ ਮੈਂ ਆਪਣੀ ਰੂਹਾਨੀ ਵਚਨਬੱਧਤਾ ਪ੍ਰਥਾਇ ਅੰਮ੍ਰਿਤ ਦੀ ਦਾਤ ਲੈਣ ਤੋਂ ਬਾਅਦ ਅਭਿਆਸੀ ਸਿੱਖ ਬਣ ਗਿਆ। ਭਾਂਵੇ ਇਹ ਫੈਸਲਾ ਬਹੁਤ ਨਿੱਜੀ ਸੀ, ਪਰ ਮੇਰੇ ਆਲੇ ਦੁਆਲੇ ਦੇ ਲੋਕਾਂ ਪ੍ਰਤੀ ਮੇਰੀ ਵਚਨਬੱਧਤਾ ਵੱਧਦੀ ਗਈ। ਕੈਨੇਡਾ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਮੈਂ ਬ੍ਰਿਟਿਸ਼ ਕੋਲੰਬੀਆਂ ਦੇ ਇੱਕ ਛੋਟੇ ਕਸਬੇ ਵਿਲਿਅਮਜ਼ ਲੇਕ ਦੇ ਛੋਟੇ ਜਿਹੇ ਸਿੱਖ ਭਾਈਚਾਰੇ ਵਿੱਚ ਵਿਚਰਨ ਅਤੇ ਮਦਦ ਕਰਨ ਲਈ ਸਮਰਪਿਤ ਹੋਇਆ। ਇੱਥੇ ਅਸੀਂ ਆਪਣਾ ਦੁਨੀਆਵੀਂ ਘਰ ਬਣਾ ਲਿਆ ਸੀ। ਸਿੱਖ ਭਾਈਚਾਰੇ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ, ਮੈਨੂੰ ਕੇਂਦਰੀ ਕੈਰੀਬੋ ਪੰਜਾਬੀ ਕੈਨੇਡੀਅਨ ਐਸੋਸੀਏਸ਼ਨ[3] ਦੀ ਸਥਾਪਨਾ ਕਰਨ ਦਾ ਮੌਕਾ ਮਿਲਿਆ। ਭਾਈਚਾਰੇ ਨੇ ਮੈਨੂੰ ਇਸ ਸੰਸਥਾ ਦਾ ਮੋਢੀ ਪ੍ਰਧਾਨ ਚੁਣ ਲਿਆ। ਸਮੇਂ ਦੇ ਨਾਲ-ਨਾਲ ਸਿੱਖ ਭਾਈਚਾਰੇ ਨੇ ਆਪਣੀ ਊਰਜਾ ਸ਼ਕਤੀ ਗੁਰਦੁਆਰਾ ਉਸਾਰਨ ਲਈ ਲਾ ਦਿੱਤੀ। ਇਹ ਸ਼ਮੂਲੀਅਤ ਦੁਸਰਿਆਂ ਲਈ ਪ੍ਰੇਰਨਾ ਸਰੋਤ ਹੋ ਉਭਰੀ – ਸਭ ਤੋਂ ਪਹਿਲਾਂ ਵਿਲਿਅਮਜ਼ ਲੇਕ ਦੇ ਸਿੱਖ ਭਾਈਚਾਰੇ ਵਿੱਚ, ਫਿਰ ਪੂਰੇ ਸੂਬੇ ਵਿੱਚ, ਅਤੇ ਅੰਤ ਵਿੱਚ ਕੌਮੀ ਅਤੇ ਅੰਤਰਰਾਸ਼ਟਰੀ ਤੌਰ 'ਤੇ ਦਰਬਾਰ ਸਾਹਿਬ ਦੇ ਕਤਲੇਆਮ ਦੇ ਮੱਦੇਨਜ਼ਰ ਮੇਰੀ ਵਚਨਬੱਧਤਾ ਬਹੁਤ ਡੂੰਘੀ ਹੋ ਗਈ ਸੀ। ਇਹ ਸਪਸ਼ਟ ਸੀ ਕਿ ਸਿੱਖਾਂ ਨਾਲ ਵਾਪਰ

---

3 Central Cariboo Punjabi Canadian Association was established in 1971

ਰਹੀਆਂ ਘਟਨਾਵਾਂ ਨੂੰ ਸਹੀ ਢੰਗ ਨਾਲ ਦੁਨੀਆਂ ਸਾਹਮਣੇ ਰੱਖਣ ਲਈ ਇੱਕ ਨਵੀਂ ਸੰਸਥਾ ਦੀ ਜ਼ਰੂਰਤ ਸੀ। ਸਾਨੂੰ ਇਹ ਆਸ ਨਹੀਂ ਸੀ ਕਿ 1984 ਦਾ ਸਾਲ ਸਾਡੇ ਲਈ ਦਰਦ ਅਤੇ ਖੂਨ-ਖਰਾਬੇ ਨਾਲ ਪ੍ਰਭਾਸ਼ਿਤ ਕੀਤਾ ਜਾਵੇਗਾ। ਜੁਲਾਈ 1984 ਵਿੱਚ ਵਿਸ਼ਵ ਸਿੱਖ ਸੰਸਥਾ ਅੰਤਰਰਾਸ਼ਟਰੀ[4] ਬਣ ਗਈ ਅਤੇ ਦਸੰਬਰ ਦੇ ਪਹਿਲੇ ਹਫ਼ਤੇ ਮੈਨੂੰ ਕੈਨੇਡੀਅਨ ਬਰਾਂਚ ਦਾ ਪ੍ਰਧਾਨ ਚੁਣਿਆ ਗਿਆ ਜਿਸ ਰਾਹੀਂ ਮੈਨੂੰ ਕੌਮਾਂਤਰੀ ਸੰਸਥਾ ਦੇ ਮੁਖੀ ਹੋਣ ਦਾ ਮਾਣ ਪ੍ਰਾਪਤ ਹੋਇਆ[5]।

ਇਸ ਜ਼ੁੰਮੇਵਾਰੀ ਦਾ ਮੈਨੂੰ ਖਾਮਿਆਜ਼ਾ ਵੀ ਭੁਗਤਣਾ ਪਿਆ। ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਮੈਨੂੰ 38 ਸਾਲ ਲੱਗ ਗਏ ਹਨ। 1984 ਵਿੱਚ ਵਿਸ਼ਵ ਸਿੱਖ ਸੰਸਥਾ ਵਿੱਚ ਸ਼ਾਮਲ ਹੋਣ ਤੋਂ ਥੋੜ੍ਹੀ ਦੇਰ ਬਾਅਦ ਮੈਨੂੰ ਅਤੇ ਕਈ ਹੋਰ ਲੋਕਾਂ ਨੂੰ ਭਾਰਤ ਜਾਣ 'ਤੇ ਬੰਦਸ਼ ਲਾ ਕੇ ਇੱਕ ਕਾਲੀ ਸੂਚੀ[6] ਵਿੱਚ ਪਾ ਦਿੱਤਾ। 2016 ਵਿੱਚ ਜਦੋਂ ਮੇਰਾ ਨਾਮ ਕਾਲੀ ਸੂਚੀ ਵਿੱਚੋਂ ਬਾਹਰ ਹੋਇਆ ਅਤੇ ਅਖਬਾਰਾਂ ਵਿੱਚ ਪ੍ਰਕਾਸ਼ਤ ਹੋਇਆ ਤਾਂ ਮੇਰੇ ਮਨ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਉਮੀਦ ਬੱਝੀ।

ਮੈਂ ਆਪਣੀ ਜ਼ਿੰਦਗੀ ਦੇ ਪਿਛਲੇ ਤਕਰੀਬਨ 50 ਸਾਲ ਸਿੱਖ ਮਸਲਿਆਂ ਵਿੱਚ ਡੂੰਘਾ ਡੁੱਬਿਆ ਹੋਣ ਦੇ ਇਸ ਤਜਰਬੇ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਸਿੱਖਾਂ ਨਾਲ ਵਾਪਰੀਆਂ ਅਸਾਧਾਰਨ ਘਟਨਾਵਾਂ ਨੂੰ ਸਿੱਖ ਕੌਮ ਨੇ ਕਿਵੇਂ ਨਜਿੱਠਿਆ, ਇਸ ਕਿਤਾਬ ਵਿੱਚ ਵਾਸਤਵ ਰੂਪ ਵਿੱਚ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਹੈ। 1984-85 ਅਤੇ ਉਸ ਤੋਂ ਬਾਅਦ ਕੁਝ ਘਟਨਾਵਾਂ ਇਹੋ ਜਿਹੀਆਂ ਹਨ ਜੋ ਸਾਡੀ ਮਾਨਸਿਕਤਾ ਨੂੰ ਠੇਸ ਪਹੁੰਚਾਉਂਦੀਆਂ ਹਨ। ਵਿਅਕਤੀਗਤ ਅਤੇ ਸਮੂਹਿਕ

---

4 World Sikh Organization, International (WSO) – ਵਰਲਡ ਸਿੱਖ ਆਰਗੇਨਾਈਜ਼ੇਸ਼ਨ ਇੰਟਰਨੈਸ਼ਨਲ (ਡਬਲਯੂ ਐਸ ਓ)

5 ਡਬਲਯੂ ਐਸ ਓ ਦੇ ਪ੍ਰਧਾਨ, ਕ੍ਰਾਲਕ੍ਰਮ ਵਿੱਚ: ਗਿਆਨ ਸਿੰਘ ਸੰਧੂ, ਵਿਲਿਅਮਜ਼ ਲੇਕ, ਬੀ.ਸੀ (1984-1989): ਰਾਮ ਰਘਬੀਰ ਸਿੰਘ ਚਾਹਲ, ਕੈਲਗਰੀ, ਅਲਬਰਟਾ (1990-1993): ਇੰਦਰਜੀਤ ਸਿੰਘ ਬੱਲ, ਟੋਰਾਂਟੋ, ਓਨਟੇਰੀਓ (1994-1997): ਮਹਿੰਦਰ ਸਿੰਘ ਜਵੰਦਾ, ਡੈਲਟਾ, ਬੀ.ਸੀ (1998-2001): ਅਜੀਤ ਸਿੰਘ ਸਹੋਤਾ, ਓਟਵਾ, ਓਨਟੇਰੀਓ (2002-2005): ਗੁਰਪ੍ਰੀਤ ਸਿੰਘ ਬੱਲ, ਮਿਸੀਸਾਗਾ, ਓਨਟੇਰੀਓ (2006-2009): ਪ੍ਰੇਮ ਸਿੰਘ ਵਿਨਿੰਗ, ਸਰੀ, ਬੀ.ਸੀ (2010-2013): ਅੰਮ੍ਰਿਤਪਾਲ ਸਿੰਘ ਸ਼ੇਰਗਿੱਲ, ਸਰੀ, ਬੀ.ਸੀ (2014-2015) ਅਤੇ ਮੁੱਖਬੀਰ ਸਿੰਘ (2016 - ) ਮੌਨਟਰੀਆਲ, ਕਿਯੂਬੈਕ।

6 Black list – ਕਾਲੀ ਸੂਚੀ: ਹਰ ਉਹ ਵਿਅਕਤੀ ਜੋ ਸਿੱਖਾਂ ਦੇ ਹੱਕ ਵਿੱਚ ਆਵਾਜ਼ ਉਠਾਉਂਦਾ ਸੀ, ਉਸ ਦਾ ਨਾਮ ਕਾਲੀ ਸੂਚੀ ਵਿੱਚ ਅੰਕਤ ਸੀ। ਹੈਰਾਨੀ ਦੀ ਗੱਲ ਇਹ ਸੀ ਕੁਝ ਲੋਕ ਜੋ ਖਾਲਿਸਤਾਨ ਦੇ ਨਾਹਰੇ ਲਾਉਣ ਲਈ ਮੋਹਰਲੀ ਕਤਾਰ ਵਿੱਚ ਸਨ, ਉਹ ਕਾਲੀ ਸੂਚੀ ਵਿੱਚ ਦਰਜ ਨਹੀਂ ਸਨ ਅਤੇ ਉਨ੍ਹਾਂ ਨੂੰ ਭਾਰਤ ਜਾਣ ਦੀ ਖੁੱਲ੍ਹ ਸੀ।

ਪੱਧਰ ’ਤੇ ਸਾਨੂੰ ਮੁੜ ਪ੍ਰਭਾਸ਼ਿਤ ਕਰਦੀਆਂ ਹਨ। ਸਾਨੂੰ ਗੁੱਸਾ ਅਉਂਦਾ, ਡਰ ਵੀ ਲੱਗਦਾ ਹੈ, ਨਰਾਜ਼ਗੀ ਵੀ ਹੈ, ਖਾੜਕੂ ਅਤੇ ਆਕੀ ਵੀ ਬਣਾਉਂਦੀਆਂ ਹਨ। ਅੱਤਵਾਦੀ ਖ਼ਿਤਾਬ ਦੇ ਕੇ ਸਾਨੂੰ ਬਲੀ ਦੇ ਬਕਰੇ ਵੀ ਬਣਾਇਆ ਜਾਂਦਾ ਹੈ। ਫਿਰ ਵੀ ਸਾਡੇ ਭਾਈਚਾਰੇ ਵਿੱਚ ਵਿਲੱਖਣ ਸਹਿਣਸ਼ੀਲਤਾ ਹੈ। ਸਾਡੀ ਦਲੇਰੀ ਅਤੇ ਸਿਆਣਪ ਨਾਲ ਜੋ ਨਤੀਜੇ ਅਸੀਂ ਪ੍ਰਾਪਤ ਕੀਤੇ ਹਨ, ਉਹ ਦੂਸਰਿਆਂ ਨੂੰ ਆਸ ਦੀ ਕਿਰਨ ਦਿਖਾਉਂਦੇ ਹਨ, ਖਾਸ ਕਰਕੇ ਅੱਜ ਦੇ ਸਮੇਂ ਵਿੱਚ ਜਦ ਮੁਸਲਮਾਨਾਂ ਨਾਲ ਵਾਪਰ ਰਹੀਆਂ ਘਟਨਾਵਾਂ ਅਤੇ ਤਰਕਹੀਣ ਡਰ ਅਤੇ ਉਨ੍ਹਾਂ ਅਤੇ ਦੂਸਰੇ ਘੱਟ ਗਿਣਤੀ ਲੋਕਾਂ ਵੱਲ ਨਫ਼ਰਤ ਭਾਵਨਾ ਰੱਖਣੀ ਅਤੇ “ਦੂਸਰੇ” ਕਹਿ ਕੇ ਦੁਰਕਾਰਿਆ ਜਾ ਰਿਹਾ ਹੋਵੇ।

ਦਰਬਾਰ ਸਾਹਿਬ ਦੇ ਸਾਕੇ ਤੋਂ ਬਾਅਦ ਮੈਂ ਵੀ ਦੁਨੀਆਂ ਭਰ ਦੇ ਦੋ ਕਰੋੜ ਸਿੱਖਾਂ ਦੀ ਤਰ੍ਹਾਂ ਗੁੱਸੇ ਵਿੱਚ ਆਇਆ ਭਾਵੇਂ ਕਿ ਮੈਂ ਗੁੱਸੇਖੋਰ ਜਾਂ ਭਾਵਨਾਤਮਕ ਵਿਅਕਤੀ ਨਹੀਂ ਹਾਂ। ਮੈਂ ਆਪਣੇ ਆਪ ਨੂੰ ਤਰਕਸ਼ੀਲ ਸਮਝਦਾ ਹਾਂ (ਸ਼ਾਇਦ ਇਹ ਇੱਕ ਨੁਕਸ ਵੀ ਹੋਵੇ)। ਮੇਰਾ ਮੂਲ ਤਰੀਕਾ ਸ਼ਾਂਤ ਰਹਿ ਕੇ (ਕਦੇ-ਕਦੇ ਨਿਰਲੇਪ ਹੋਣ ਦੇ ਬਿੰਦੂ ਤਕ) ਗੁੱਸੇ ਵਿੱਚ ਉਬਲਣ ਦੀ ਬਜਾਏ ਸਮੱਸਿਆ ਦੇ ਹੱਲ ਲਈ ਜ਼ਿਆਦਾ ਸੰਭਾਵਨਾਸ਼ੀਲ ਹੁੰਦਾ ਹੈ। ਮੇਰਾ ਇਹ ਤੋਰ-ਤਰੀਕਾ ਕੁਦਰਤੀ ਤੌਰ ’ਤੇ ਭਾਈਚਾਰੇ ਦੀ ਸੇਵਾ ਕਰਨ ਲਈ ਲਾਭਦਾਇਕ ਸਾਬਤ ਹੋਇਆ ਹੈ। ਜੇ ਕਰ ਤੁਸੀਂ ਭਾਵਨਾਤਮਕ, ਨੱਕ ਤੇ ਮੱਖੀ ਨਾ ਬਹਿਣ ਦੇਣ ਵਾਲੇ ਵਾਰਤਾਕਾਰ ਦੀ ਭਾਲ ਵਿੱਚ ਹੋ ਤਾਂ ਮੈਂ ਇੱਕ ਲੇਖਕ ਹੋਣ ਨਾਤੇ ਸੁਝਾਅ ਦੇਵਾਂਗਾ ਕਿ ਇਹ ਕਿਤਾਬ ਆਪ ਜੀ ਦੀਆਂ ਉਮੀਦਾਂ ’ਤੇ ਸ਼ਾਇਦ ਖ਼ਰੀ ਨਾ ਉਤਰੇ ਪਰ ਮੈਂ ਆਸਵੰਦ ਹਾਂ ਕਿ ਫਿਰ ਵੀ ਤੁਸੀਂ ਮੇਰੇ ਨਾਲ ਜੁੜੇ ਰਹੋਗੇ।

ਪੰਜਾਬ ਵਿੱਚ ਸਦੀਆਂ ਤੋਂ ਸਿੱਖਾਂ ਪ੍ਰਤੀ ਚੱਲੇ ਆ ਰਹੇ ਭਾਰਤੀ ਦੁਰ-ਵਿਹਾਰ ਦੀ ਜਾਗਰੂਕਤਾ ਨੂੰ ਵਧਾਉਣਾ, ਸਾਡੇ ਚੰਗੇ ਨਾਮ ਨੂੰ ਪੁਨਰ ਸੁਰਜੀਤ ਕਰਨਾ ਅਤੇ ਇੱਕਜੁਟਤਾ ਨਾਲ ਦਰਸਾਉਣਾ ਇੱਕ ਚਣੌਤੀ ਹੈ। ਭਾਵੇਂ ਸਵੀਕਾਰਨਾ ਕੁਝ ਮੁਸ਼ਕਲ ਲੱਗਦਾ ਹੈ ਪਰ ਜਿਸ ਤਰ੍ਹਾਂ ਹਰ ਹਨੇਰੀ ਰਾਤ ਤੋਂ ਬਾਅਦ ਸੂਰਜ ਦੀਆਂ ਕਿਰਨਾਂ ਸਾਡਾ ਸਵਾਗਤ ਕਰਦੀਆਂ ਹਨ, ਇਸੇ ਤਰ੍ਹਾਂ ਹਰ ਮੁਸ਼ਕਲ ਚੋਂ ਹੱਲ ਜ਼ਰੂਰ ਨਿਕਲਦਾ ਹੈ। ਇਸ ਸੰਘਰਸ਼ ਨੇ ਮੈਨੂੰ ਵੀ ਇੱਕ ਮਕਸਦ ਦਿੱਤਾ ਅਤੇ ਮੈਂ ਉਸ ਨੂੰ ਪੂਰਾ ਕਰਨ ਲਈ ਦਿਨ ਰਾਤ ਇੱਕ ਕਰ ਦਿਤੇ। ਵਰਲਡ ਸਿੱਖ ਆਰਗੇਨਾਈਜੇਸ਼ਨ ਕੈਨੇਡਾ ਦੇ ਪ੍ਰਧਾਨ ਹੋਣ ਦੇ ਨਾਤੇ, ਫਿਰ ਅੰਤਰ-ਰਾਸ਼ਟਰੀ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਮੁਖੀ ਅਤੇ ਆਖਰਕਾਰ ਡਬਲਿਯੂ ਐਸ ਓ (WSO) ਦੇ ਸੀਨੀਅਰ ਨੀਤੀ ਸਲਾਹਕਾਰ ਵਜੋਂ ਮੈਨੂੰ ਸਟੀਫਨ ਹਾਰਪਰ ਨੂੰ ਛਡ ਕੇ, ਬ੍ਰਾਇਨ ਮਲਰੋਨੀ ਤੋਂ ਲੈ ਕੇ

ਹੁਣ ਤਕ ਦੇ ਸਾਰੇ ਕੈਨੇਡੀਅਨ ਪ੍ਰਧਾਨ ਮੰਤਰੀਆਂ ਨਾਲ ਗੱਲਬਾਤ ਕਰਨ ਦਾ ਮੈਨੂੰ ਮੌਕਾ ਮਿਲਿਆ ਹੈ। ਮੈਨੂੰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ[7] (ਆਰ ਸੀ ਐਮ ਪੀ) ਵਿੱਚ ਦਸਤਾਰ ਸਬੰਧੀ ਅਦਾਲਤ ਦੇ ਕੇਸ ਵਿੱਚ ਦਸਤਾਰ ਦੀ ਮਹੱਤਤਾ ਦਰਸਾਉਣ ਦਾ ਮੌਕਾ ਵੀ ਮਿਲਿਆ, ਜੋ ਮੁੱਦਾ ਕਿਸੇ ਸਮੇਂ ਸਭ ਤੋਂ ਵੱਧ ਸੁਰਖੀਆਂ ਵਿੱਚ ਸੀ, ਪਰ ਅੱਜ ਕੱਲ ਸੁਣਨ ਨੂੰ ਅਜੀਬ ਵੀ ਲੱਗਦਾ ਹੈ। ਮੈਂ ਏਅਰ ਇੰਡੀਆ ਕਮਿਸ਼ਨ ਵਿੱਚ ਕੈਨੇਡੀਅਨ ਸਿੱਖਾਂ ਦੀ ਤਰਫੋਂ ਗਵਾਹੀ ਦਿੱਤੀ ਹੈ, ਜਿਸ ਦੇ ਮੁਖੀ ਸਾਬਕਾ ਸੁਪਰੀਮ ਕੋਰਟ ਦੇ ਜੱਜ ਜਸਟਿਸ ਜੋਨ ਮੇਜਰ ਸਨ। ਇਹ ਸਭ ਕੁਝ ਮੈਂ ਆਪਣੀ ਕੋਈ ਤਾਰੀਫ਼ ਕਰਨ ਲਈ ਨਹੀਂ ਕਹਿ ਰਿਹਾ, ਪਰ ਮੈਂ ਇਸ ਸਭ ਕੁਝ ਦੇ ਅਧਾਰ ’ਤੇ ਇਹ ਕਿਤਾਬ ਲਿਖਣ ਦਾ ਹੀਆ ਕੀਤਾ ਹੈ। ਮੇਰਾ ਇਹ ਦ੍ਰਿਸ਼ਟੀਕੋਣ ਕੈਨੇਡਾ ਦੀ ਸੰਸਦ ਤੋਂ ਅਮਰੀਕੀ ਕਾਂਗਰਸ ਤਕ ਉੱਚ ਪੱਧਰੀ ਸਰਕਾਰੀ ਨੁੰਮਾਇਦੇ ਅਤੇ ਸੰਯੁਕਤ ਰਾਸ਼ਟਰ ਵਿੱਚ ਮੁਲਾਕਾਤਾਂ ਦਾ ਸਿੱਟਾ ਹੈ।

ਭਾਵੇਂ ਕਿ ਮੈਂ ਇਸ ਕਹਾਣੀ ਦਾ ਪਾਤਰ ਹਾਂ ਪਰ ਇਹ ਕਹਾਣੀ ਮੇਰੇ ਬਾਰੇ ਨਹੀਂ ਹੈ। ਇਸ ਦੀ ਬਜਾਏ ਇਹ ਕਹਾਣੀ ਹੈ ਇੱਕ ਭਾਈਚਾਰੇ ਦੀ, ਜੋ ਬਹੁਤ ਦਬਾਅ ਹੇਠ ਹੁੰਦਿਆਂ ਹੋਇਆਂ ਅਤੇ ਬਹੁਤ ਔਖੇ ਹਾਲਾਤਾਂ ਵਿਰੁੱਧ ਸੰਘਰਸ਼ ਕਰਦੇ ਹੋਏ, ਡਿੱਗਦੇ-ਢਹਿੰਦੇ ਆਪਣੇ ਪੈਰਾਂ ’ਤੇ ਖੜਾ ਹੋਇਆ ਹੈ। ਇਸ ਪ੍ਰਕਿਰਿਆ ਵਿੱਚ ਬਹੁਮੱਤ ਲੋਕੀ ਸਾਡੇ ਕੋਲੋਂ ਪਿੱਛਾ ਛਡਾਉਂਦੇ ਰਹੇ ਪਰ ਅਸੀਂ ਇੱਕ ਸਿਆਸੀ ਤਾਕਤ ਬਣ ਕੇ ਉਭਰੇ ਹਾਂ। ਇਹ ਕਹਾਣੀ ਹੈ “ਤੁੱਛ” ਸਮਝੇ ਜਾਂਦੇ ਲੋਕਾਂ ਦੀ ਛਾਲ ਮਾਰ ਕੇ ਅੱਗੇ ਵੱਧਣ ਦੀ ਅਤੇ ਸਮੂਹਿਕ ਰੂਪ ਵਿੱਚ ਕੈਨੇਡੀਅਨ ਬਹੁ-ਸਭਿਅਕ ਸਮਾਜ ਦੀ ਬੁੱਕਲ ’ਚ ਸ਼ਾਮਲ ਹੋਣ ਅਤੇ ਉਸ ਦਾ ਬਰਾਬਰ ਹਿੱਸੇਦਾਰ ਬਣਨ ਦੀ।

***“ਇਹ ਹੈ ਕੈਨੇਡਾ ਦੇ ਸਿੱਖਾਂ ਦੀ ਕਹਾਣੀ ਅਤੇ***

***ਮੈਂ ਇਸ ਨੂੰ ਦੱਸਣ ਦਾ ਮਾਣ ਮਹਿਸੂਸ ਕਰ ਰਿਹਾ ਹਾਂ”***

---

7 Royal Canadian Mounted Police (RCMP) – ਕੈਨੇਡਾ ਦੀ ਮੁੱਖ ਪੁਲਿਸ ਹੈ। 1868 ਵਿੱਚ ਸਥਾਪਤ ਕੀਤੀ ਇਸ ਪੁਲਿਸ ਸੰਸਥਾ ਦਾ ਪਹਿਲਾ ਨਾਮ ਸੀ ਡੋਮੀਨੀਅਨ ਪੁਲਿਸ (Dominion Police) ਅਤੇ 1873 ਵਿੱਚ ਇਸ ਦਾ ਨਾਮ ਬਦਲਕੇ ਨਾਰਥ ਵਿਸਟ ਮਾਂਊਟੇਡ ਪੁਲਿਸ (North West Mounted Police) ਰੱਖਿਆ। 1904 ਵਿੱਚ ਬਾਦਸ਼ਾਹ ਐਡਵਰਡ 7ਵੇਂ (King Edward VII) ਨੇ ਇਸ ਦੇ ਨਾਮ ਦੇ ਨਾਲ ਰੋਆਇਲ (Royal) ਜੋੜ ਦਿਤਾ। ਆਖਿਰ 1920 ਵਿੱਚ ਇਸ ਦਾ ਮੌਜੂਦਾ ਨਾਮ ਪੱਕਾ ਹੋਇਆ।